ੴ ਵਾਹਿਗੁਰੂ ਜੀ ਕੀ ਫਤਹਿ॥

ਸੁਤੰਤਰਤਾ ਸੰਗ੍ਰਾਮ ਤੇ ਸਿੱਖ

: ਲੇਖਕ :

ਪ੍ਰੋ. ਪਿਆਰਾ ਸਿੰਘ ਪਦਮ

: ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨਵੀਂ ਦਿੱਲੀ

ਸੁਤੰਤਰਤਾ ਸੰਗ੍ਰਾਮ ਤੇ ਸਿੱਖ

ਲੇਖਕ :
ਪ੍ਰੋ. ਪਿਆਰਾ ਸਿੰਘ ਪਦਮ

ਪਹਿਲੀ ਵਾਰ : ਅਗਸਤ 2003 - 10,000 ਕਾਪੀਆਂ
ਦੂਜੀ ਵਾਰ : ਫਰਵਰੀ 2005 - 5,000 ਕਾਪੀਆਂ
ਤੀਜੀ ਵਾਰ : ਅਗਸਤ 2005 - 10,000 ਕਾਪੀਆਂ

ਭੇਟਾ ਰਹਿਤ

+2

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ,
ਨਵੀਂ ਦਿੱਲੀ -110001
ਫੋਨ : 30964039, 30964040, 30964041
23737328, 23737329
ਫੈਕਸ : 23317511

ਛਾਪਕ :
ਗੁਰ ਉਪਦੇਸ਼ ਪ੍ਰਿੰਟਰਜ਼
ਗੁਰੂ ਗ੍ਰੰਥ ਸਾਹਿਬ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ,
ਨਵੀਂ ਦਿੱਲੀ-110001

2

ਸੁਤੰਤਰਤਾ ਸੰਗ੍ਰਾਮ ਤੇ ਸਿੱਖ

ਸਿੱਖ ਚਰਿੱਤਰ ਦਾ ਮੁੱਖ ਲੱਛਣ ਇਹ ਹੈ ਕਿ ਉਹ ਸੁਤੰਤ੍ਰਤਾ ਤੇ ਸ੍ਵੈਮਾਨ ਦਾ ਮੁਦਈ ਹੈ, ਨਾ ਉਹ ਭੈਭੀਤ ਹੋਣਾ ਪਸੰਦ ਕਰਦਾ ਹੈ ਤੇ ਨਾ ਹੀ ਭੈਭੀਤ ਕਰਨਾ। ਉਹ ਕਦੀ ਪਰਾਧੀਨ ਨਹੀਂ ਹੁੰਦਾ, ਆਪਣਾ ਰਾਜ ਸਥਾਪਤ ਕਰਦਾ ਹੈ। ਜੇਕਰ ਅਜੇਹਾ ਨਾ ਹੋ ਸਕੇ ਤਾਂ ਬੇਚੈਨ ਰਹਿੰਦਾ ਹੈ। ਇਹ ਆਜ਼ਾਦੀ ਦੀ ਗੁੜ੍ਹਤੀ ਉਸਨੂੰ ਗੁਰਬਾਣੀ ਤੇ ਇਤਿਹਾਸ ਤੋਂ ਮਿਲੀ ਹੈ 'ਜਿਥੇ ਬਾਰ ਪਰਾਏ ਬੈਸਣ' ਨੂੰ ਧ੍ਰਿਕਾਰਿਆ ਗਿਆ ਤੇ ਪਤ-ਵਿਹੂਣੇ ਜੀਵਨ ਜੀਊਣ ਨੂੰ ਫਿਟਕਾਰਿਆ ਗਿਆ ਅਤੇ **'ਮਨ ਤੂ ਜੋਤਿ ਸਰੂਪ ਹੈ.......'** ਕਹਿ ਕੇ ਉਸਦੀ ਆਤਮਾ ਨੂੰ ਵੰਗਾਰਿਆ ਗਿਆ ਹੈ ਕਿ ਤੂੰ ਆਪਣੀ ਆਜ਼ਾਦ ਹਸਤੀ ਨੂੰ ਜਿਵੇਂ-ਕਿਵੇਂ ਬਰਕਰਾਰ ਰਖਣਾ ਹੈ, ਇਹੋ ਹੀ ਵਧੀਆ ਮਨੁੱਖ ਦਾ ਵਧੀਆ ਲੱਛਣ ਹੈ। **ਆਇਨਸਟਾਇਨ ਨੇ ਠੀਕ ਕਿਹਾ ਸੀ ਕਿ ਅਜ਼ਾਦ ਤੇ ਬਿਬੇਕਵਾਨ ਮਨੁੱਖ ਤਬਾਹ ਤਾਂ ਹੋ ਸਕਦਾ ਹੈ ਪਰ ਉਹ ਕਦੀ ਕਿਸੇ ਦਾ ਗੁਲਾਮ ਨਹੀਂ ਹੋ ਸਕਦਾ।** ਅਜੇਹੀ ਸੰਪੂਰਣ ਆਜ਼ਾਦ ਹਸਤੀ ਦਾ ਨਾਮ ਹੀ 'ਖਾਲਸਾ' ਹੈ ਜਿਸ ਨੂੰ ਸਤਿਗੁਰਾਂ ਬਾਣੀ ਦਾ ਵਿਧਾਨ ਤੇ ਵਿਲੱਖਣ ਬਾਣੇ ਦੀ ਪਛਾਣ ਦਿੱਤੀ। ਨਿਰਾਲੀ ਚਾਲ ਚਲਣਾ ਕਿੰਨਾ ਬਿਖਮ ਪਰ ਸ਼ਾਨਦਾਰ ਹੈ, ਜੋ ਕੋਈ ਵਿਰਲਾ ਸੂਰਬੀਰ ਹੀ ਕਰ ਸਕਦਾ ਹੈ। ਇਹ ਕੇਸਾਧਾਰੀ ਤੇ ਦਸਤਾਰਧਾਰੀ ਖਾਲਸਾ ਸ਼ਸਤ੍ਰਧਾਰੀ ਵੀ ਹੋਇਆ ਅਤੇ ਇਸ ਨੂੰ ਝੰਡਾ ਤੇ ਨਗਾਰਾ ਵੀ ਬਖਸ਼ੇ ਗਏ, ਜੋ ਪ੍ਰਭੂ-ਸੱਤਾ ਦੇ ਪ੍ਰਤੀਕ ਸਨ। ਕਿਉਂ ਕਿ ਗੁਰੂ ਗੋਬਿੰਦ ਸਿੰਘ ਇਸ ਗੱਲ ਲਈ ਦ੍ਰਿੜ੍ਹ ਸਨ-'ਇਨ ਗਰੀਬ ਸਿਖਨ ਕੋ ਦੈਂ ਪਾਤਸ਼ਾਹੀ। ਯਹ ਯਾਦ ਰਖਹਿਂ ਹਮਰੀ ਗੁਰਿਆਈ।' (ਪ੍ਰਾਚੀਨ ਪੰਥ ਪ੍ਰਕਾਸ਼) ਮੀਰੀ ਤੇ ਪੀਰੀ ਦੇ ਸੰਗਮ ਦਾ ਭਾਵ ਇਹੋ ਸੀ ਕਿ ਧਰਮ ਤੇ ਰਾਜਨੀਤੀ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਲਈ ਮਿਲਕੇ ਚਲਣ। ਧਰਮ ਅੰਦਰੂਨੀ ਮਰਯਾਦਾ ਹੈ, ਰਾਜਨੀਤੀ ਬਾਹਰਲੀ ਮਰਯਾਦਾ ਦੀ ਪਹਿਰੇਦਾਰ। ਧਰਮ ਪ੍ਰਧਾਨ ਹੋਵੇ ਤਾਂ ਰਾਜਨੀਤੀ ਸਹੀ ਚਲਦੀ ਹੈ ਅਤੇ ਜੇ ਕੇਵਲ ਰਾਜ-ਸੱਤਾ ਭਾਰੂ ਹੋਵੇ ਤਾਂ ਇਹ ਮਾਰੂ ਹੋ ਕੇ ਧਰਮ ਨੂੰ ਵੀ ਖਰਾਬ ਕਰਦੀ ਹੈ। ਸਤਿਗੁਰਾਂ ਇਨ੍ਹਾਂ ਦੋਹਾਂ ਦਾ ਸੰਮੇਲਨ ਇਸ ਲਈ ਕੀਤਾ ਸੀ ਕਿ ਧਰਮ ਸ਼ਕਤੀਮਾਨ ਹੋ ਕੇ ਸਰਬਤ ਦੇ ਭਲੇ ਦਾ ਮਿਸ਼ਨ ਪੂਰਾ ਕਰ ਸਕੇ। ਰਾਜਨੀਤੀ ਦਾ ਅਰਥ ਹਕੂਮਤ ਕਰਨ ਦੀ ਹਵਸ ਨਹੀਂ ਸਗੋਂ **ਰਾਜਨੀਤੀ ਦਾ ਭਾਵ ਹੈ ਸਮਾਜ ਦੀਆਂ ਪਦਾਰਥਕ ਸ਼ਕਤੀਆਂ 'ਤੇ ਕਾਬੂ ਪਾ ਕੇ ਉਨ੍ਹਾਂ ਨੂੰ ਸਰਬਤ ਦੇ ਭਲੇ ਲਈ ਵਰਤਣ ਹਿਤ ਵਿਉਂਤਬਧ ਉਪਾਉ ਕਰਨਾ।** ਜੇਕਰ ਸੰਸਾਰਕ ਸ਼ਕਤੀਆਂ ਦੀ ਵਾਗਡੋਰ ਕਿਸੇ ਹੋਰ ਹੱਥ ਵਿਚ ਹੋਵੇ ਤਾਂ ਧਰਮ, ਲੋਕ-ਕਲਿਆਣ ਦਾ ਮਿਸ਼ਨ ਕਿਵੇਂ ਪੂਰਾ ਕਰ ਸਕਦਾ ਹੈ। ਭਾਰਤ ਦਾ

ਇਤਿਹਾਸ ਸ਼ਕਤੀਹੀਣ ਧਰਮ ਦੀ ਦੁਰਗਤੀ ਦਾ ਇਤਿਹਾਸ ਹੈ। ਇਸ ਦੀ ਵਿਆਖਿਆ ਕਰਨ ਦੀ ਲੋੜ ਨਹੀਂ। ਇਸੇ ਲਈ ਗੁਰੂਆਂ ਸਮਾਜਿਕ ਕਰਮਯੋਗ ਨੂੰ ਧਰਮ ਦਾ ਅੰਗ ਬਣਾਇਆ ਤੇ ਇਹ ਕਰਮਯੋਗ ਮੁਕੰਮਲ ਨਹੀਂ ਹੁੰਦਾ ਜਿਤਨਾ ਚਿਰ ਰਾਜਸੱਤਾ ਦਾ ਹਥਿਆਰ ਹੱਥ ਨਾ ਆਵੇ। ਇਹੋ ਵਜ੍ਹਾ ਹੈ ਕਿ ਸਿੱਖ ਮੁੱਢ ਤੋਂ ਹੀ ਰਾਜਨੀਤਕ ਸ਼ਕਤੀ ਹਾਸਲ ਕਰਨਾ ਇਕ ਜ਼ਰੂਰੀ ਆਦਰਸ਼ ਮੰਨਦਾ ਆਇਆ ਹੈ। ਇਸ ਵਿਚ ਹਰਜ਼ ਵੀ ਕੀ ਹੈ? ਹਰ ਸਮਾਜਿਕ ਜਥੇਬੰਦੀ ਰਾਜ ਦੀ ਅਭਿਲਾਸ਼ਾ ਕਰਦੀ ਹੈ ਤਾਂ ਕਿ ਉਹ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਸੰਸਾਰ ਦਾ ਸੁਚੱਜਾ ਪ੍ਰਬੰਧ ਕਰ ਸਕੇ। ਸ਼ਾਇਦ ਸਿੱਖ ਧਰਮ, ਦੁਨੀਆ ਦਾ ਪਹਿਲਾ ਧਰਮ ਹੈ ਜਿਸ ਨੇ ਰਾਜਨੀਤਕ ਸਰਗਰਮੀ ਨੂੰ ਜੀਵਨ ਦੇ ਮੁੱਖ ਆਦਰਸ਼ਾਂ ਨਾਲ ਜੋੜਿਆ ਤਾਂ ਕਿ ਸਮਾਜ ਦੇ ਵਿਕਾਸ ਲਈ ਮਿਲਦੀ ਪਦਾਰਥਕ ਸ਼ਕਤੀ ਨੂੰ ਸਹੀ ਤਰ੍ਹਾਂ ਪ੍ਰਯੋਗ ਵਿਚ ਲਿਆਂਦਾ ਜਾ ਸਕੇ। ਇਸੇ ਲਈ ਇਹ ਉਕਤੀ ਪ੍ਰਸਿੱਧ ਹੋਈ-

ਰਾਜ ਬਿਨਾ ਨਹਿੰ ਧਰਮ ਚਲੈ ਹੈ
ਧਰਮ ਬਿਨਾ ਸਬ ਦਲੈ ਮਲੈ ਹੈ।

ਮੌਜੂਦਾ ਰਾਜਨੀਤੀ ਘਟੀਆ ਕਿਸਮ ਦੀ ਹੇਰਾਫੇਰੀ, ਕਪਟ, ਛਲਫਰੇਬ ਤੇ ਧੋਖੇਬਾਜ਼ੀ ਦਾ ਸ਼ਿਕਾਰ ਹੈ। ਸਿਆਸਤ ਦਾ ਇਹ ਕਲਯੁਗੀ ਸੰਕਲਪ ਸਾਡੇ ਚੋਖਟੇ ਤੋਂ ਬਾਹਰ ਹੈ। ਪੁਰਾਤਨ ਸਿੱਖ ਪਰੰਪਰਾ ਰਾਜਨੀਤਕ ਸ਼ਕਤੀ ਦੀ ਅਭਿਲਾਸ਼ੀ ਰਹੀ ਹੈ ਤੇ ਇਸ ਨੂੰ ਬਾਰ-ਬਾਰ ਦੁਹਰਾਉਂਦੀ ਵੀ ਆਈ ਹੈ - **'ਰਾਜ ਕਰੇਗਾ ਖਾਲਸਾ, ਆਕੀ ਰਹੈ ਨ ਕੋਇ।'**

ਕੁਝ ਲੇਖਕਾਂ ਇਸ ਪਰੰਪਰਾ ਤੋਂ ਅਣਜਾਣ ਹੋ ਕੇ ਤੇ ਝੂਠੀ ਸ਼ਾਬਾਸ਼ ਲੈਣ ਲਈ ਇਸ ਦਾ ਤਰਜ਼ਮਾ ਇਹ ਕੀਤਾ ਹੈ - Pure Shell rule - ਇਹ ਸਹੀ ਨਹੀਂ। ਅਰਬੀ ਦੇ ਦੋ ਲਫਜ਼ ਵੱਖ-ਵੱਖ ਹਨ- ਖਾਲਸਾ ਤੇ ਖਾਲਸ। ਖਾਲਸਾ ਪ੍ਰਭੂ ਸੱਤਾ ਦਾ ਵਾਚਕ ਹੈ ਤੇ ਖਾਲਸ ਨਿਰੋਲ ਸ਼ੁੱਧ ਹੋਣ ਦਾ। ਨਾਲੇ ਇਥੇ ਰਾਜ ਕਰਨ ਦੀ ਭਾਵਨਾ ਗੁਲਾਮੀ ਤੋਂ ਬਚਾਉ ਦੀ ਸੂਚਕ ਹੈ ਤੇ ਇਹ ਰਾਜ ਭਾਵਨਾ ਸੇਵਾ ਭਾਵਨਾ ਦੀ ਲਖਾਇਕ ਹੈ। ਖਾਲੀ ਹੱਥ ਕੀ ਕੋਈ ਸੇਵਾ ਕਰ ਸਕਦਾ ਹੈ, ਜੇ ਕੁੱਝ ਕੋਲ ਹੋਵੇਗਾ ਤਾਂ ਹੀ ਉਹ ਜਗਤ-ਕਲਿਆਣ ਹਿਤ ਉਸਨੂੰ ਵਰਤ ਸਕੇਗਾ। ਅਠਾਰਵੀਂ ਸਦੀ ਦੇ ਸਿੱਖਾਂ ਪਾਸ ਜੇ ਸ਼ਸਤ੍ਰ ਨਾ ਹੁੰਦੇ ਤੇ ਰਾਜਸੱਤਾ ਦੀ ਪ੍ਰਾਪਤੀ ਦਾ ਮਿਸ਼ਨ ਨਾ ਹੁੰਦਾ ਤਾਂ ਉਹ ਕਿਵੇਂ ਦੱਰਰਾ ਖੈਬਰ ਬੰਦ ਕਰਕੇ ਜਰਵਾਣਿਆਂ ਤੋਂ ਭਾਰਤੀ ਸਭਿਅਤਾ ਤੇ ਸ਼ਾਨ ਨੂੰ ਬਚਾਉਂਦੇ ਤੇ ਕਿਵੇਂ ਸੁਤੰਤਰ ਰਾਜ ਸਥਾਪਨ ਕਰਕੇ ਜਮਨਾ ਤੋਂ ਸਿੰਧ ਤਕ ਅਮਨ ਤੇ ਆਜ਼ਾਦੀ ਨੂੰ ਬਰਕਰਾਰ ਰਖ ਸਕਦੇ। ਇਹ ਖਾਲਸਿਆਂ ਦੇ ਸੇਵਕ ਜਥੇ ਦੀ ਮਹਾਨ ਪ੍ਰਾਪਤੀ ਸੀ, ਜਿਸ ਨੂੰ ਇਤਿਹਾਸ ਅੱਖੋਂ ਉਹਲੇ ਨੂੰ ਨਹੀਂ ਕਰ ਸਕਦਾ ਤੇ ਨਾ ਹੀ ਕੋਈ ਸੱਚਾ ਭਾਰਤੀ ਇਸ ਦੀ ਕ੍ਰਿਤਗਤਾ ਤੋਂ ਇਨਕਾਰ ਕਰ ਸਕਦਾ ਹੈ।

ਸੋ ਐਸਾ ਆਦਰਸ਼ਕ ਮਨੋਰਥ ਹੋਣ ਕਰਕੇ ਸਿੱਖ ਗੁਰਬਾਣੀ ਦੇ ਗ੍ਰੰਥਾਂ ਤੋਂ ਵੀ ਰਾਜਭਾਗ

ਹਾਸਲ ਕਰਨ ਦਾ ਵਰਦਾਨ ਲੱਭਦੇ ਆਏ ਹਨ 'ਆਵਨਿ ਅਠਤਰੇ ਜਾਣ ਸਤਾਨਵੇ ਹੋਰ ਭੀ ਉਠਸੀ ਮਰਦ ਕਾ ਚੇਲਾ॥' ਦਾ ਅਰਥ ਭਾਵੇਂ ਮੁਗਲ ਰਾਜ ਦੇ ਆਉਣ ਜਾਣ ਦਾ ਸੂਚਕ ਹੈ ਪਰ ਆਸਵੰਦ ਪ੍ਰੇਮੀ 'ਮਰਦ ਕਾ ਚੇਲਾ' ਉਠਣ ਦਾ ਭਾਵ ਕਿਸੇ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸੁਨਹਿਰੀ ਭਵਿੱਖ ਦੀ ਝਲਕ ਦਿੱਤੀ ਹੈ, ਉਹ ਵੀ ਸੰਗ੍ਰਾਮੀਏ ਸਿੱਖਾਂ ਨੂੰ ਸਦਾ ਉਤਸ਼ਾਹਿਤ ਕਰਦੀ ਹੈ :

ਦਾਨਵ ਦੇਵ ਫਨਿੰਦ ਨਿਸਾਚਰ, ਭੂਤ ਭਵਿਖ ਭਵਾਨ ਜਪੈਂਗੇ।
ਜੀਵ ਜਿਤੇ ਜਲ ਮੈ ਥਲ ਮੈਂ ਪਲ ਹੀ ਪਲ ਮੈਂ ਸਭ ਥਾਪਿ ਥਪੈਂਗੇ।
ਪੁੰਨ ਪ੍ਰਤਾਪਨ ਬਾਢ ਜੈਤ ਧੁਨਿ, ਪਾਪਨਿ ਕੇ ਬਹੁ ਪੁੰਜ ਖਪੈਂਗੇ।
ਸਾਧੁ ਸਮੂਹ ਪ੍ਰਸੰਨ ਫਿਰੈ, ਜਗ ਸਤ੍ਰੁ ਸਬੈ ਅਵਲੋਕਿ ਚਪੈਂਗੇ।

(ਅਕਾਲ ਉਸਤਤਿ)

ਇਸ ਸੰਕਲਪ ਦਾ ਇਤਨਾ ਪ੍ਰਭਾਵ ਪਿਆ ਕਿ ਗੁਰੂ ਨਾਨਕ ਸਾਹਿਬ ਦੀਆਂ ਜਨਮਸਾਖੀਆਂ ਵਿਚ ਵੀ ਲਿਖਣ ਵਾਲਿਆਂ ਕਾਜੀ ਰੁਕਨਦੀਨ ਨਾਲ ਹੋਈ ਗੱਲਬਾਤ ਸਮੇਂ ਅਜਿਹੀ ਭਵਿਸ਼ਬਾਣੀ ਜੋੜ ਦਿੱਤੀ ਗਈ ਤੇ ਇਸ ਨੂੰ 'ਕਰਣੀਨਾਮੇ' ਨਾਲ ਲੋਕਾਂ ਵਿਚ ਆਮ ਪ੍ਰਚਲਤ ਕੀਤਾ ਗਿਆ। ਉਸ ਦੀਆਂ ਕੁਝ ਸਤਰਾਂ ਹਨ :

ਦਿੱਲੀ ਤਖ਼ਤ ਪਰ ਬਹੇਗੀ, ਆਪ ਗੁਰੂ ਕੀ ਫੌਜ।
ਛਤ੍ਰ ਫਿਰਾਵਹਿ ਸੀਸ ਪੁਰ ਬਡੀ ਕਰਹਿੰਗੇ ਮੌਜ।
ਦੇਹੀ ਫਿਰਹਿ ਅਕਾਲ ਕੀ ਮਕੜੀ ਨਿਆਈਂ ਹੋਇ।
ਨੀਲਾ ਬਾਣਾ ਪਹਿਨ ਕੈ, ਹੋਰ ਨ ਦਿਸਈ ਕੋਇ।

(ਜਨਮ ਸਾਖੀ ਭਾਈ ਬਾਲਾ, ਮੱਕੇ ਦੀ ਗੋਸ਼ਟਿ)

ਭਾਈ ਨੰਦ ਲਾਲ ਦੇ ਨਾਂ ਤੇ ਪ੍ਰਚਲਤ 'ਤਨਖਾਹਨਾਮੇ' ਵਿਚ ਇਹ ਆਖਿਆ ਗਿਆ ਕਿ ਰਾਜ ਸ਼ਕਤੀ ਹਾਸਲ ਕਰਨ ਲਈ ਸ਼ਸਤ੍ਰ ਸਭ ਤੋਂ ਵੱਡੀ ਜ਼ਰੂਰਤ ਹੈ। ਜਦ ਸਵਾ ਲੱਖ ਰਾਮਜੰਗਾ, ਇਕੱਠਾ ਚਲੇਗਾ ਤਾਂ ਆਪਣੇ ਆਪ ਖਾਲਸੇ ਦੀ ਫਤਹਿ ਹੋਵੇਗੀ। ਅਸਲ ਲਫਜ਼ ਇਸ ਪ੍ਰਕਾਰ ਹਨ :

ਸੁਨਹੁ ਨੰਦ ਲਾਲ ਇਹ ਸਾਜ। ਪਰਗਟ ਕਰਾਊਂ ਅਪਨੋ ਰਾਜ।
ਚਾਰ ਬਰਨ ਇਕ ਵਰਣ ਕਰਾਊਂ। ਵਾਹਿਗੁਰੂ ਕਾ ਜਾਪ ਕਾ ਜਾਪ ਜਪਾਊ।
ਚੜਹਿ ਤਰੰਗ ਉਡਾਵਹਿ ਬਾਜ। ਤੁਰਕ ਦੇਖ ਕਰਿ ਜਾਵਹਿ ਭਾਜ।
ਸਵਾ ਲਾਖ ਸੇ ਏਕ ਲੜਾਊਂ। ਚੜੈ ਸਿੰਘ ਤਿਸ ਮੁਕਤ ਕਰਾਊਂ।
ਝੂਲਣ ਨੇਜੇ ਹਸਤੀ ਸਾਜੇ। ਦੁਆਰ ਦੁਆਰ ਪਰਿ ਨਉਬਤ ਬਾਜੇ।
ਸਵਾ ਲਾਖ ਜਬ ਧੁਖੈ ਪਲੀਤਾ। ਤਬ ਖਾਲਸਾ ਉਦੈ ਅਸਤ ਲੌ ਜੀਤਾ।

ਸਿੱਖਾਂ ਵਿਚ ਪ੍ਰਚਲਤ ਇਸ ਮੰਨਤਾ ਦਾ ਇਤਨਾ ਸਰਬ ਵਿਆਪੀ ਅਸਰ ਹੋਇਆ ਕਿ ਕਿਸੇ ਚਤੁਰ ਪੰਡਿਤ ਨੇ ਭਵਿਸ਼ਤ ਪੁਰਾਣ (ਪੂਰਬਾਰਧ) ਦੇ 129ਵੇਂ ਅਧਿਆਇ ਵਿਚ ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਦੀ ਸਾਖੀ ਤੋਂ ਲੈ ਕੇ ਸਿੱਖ ਰਾਜ ਹੋਣ, ਫਿਰ ਫਿਰੰਗੀ ਹਕੂਮਤ ਆਉਣ, ਬਾਦ ਮੁੜ ਰਾਜਰਿਸ਼ੀ ਖਾਲਸੇ ਦੀ 350 ਵਰ੍ਹੇ ਲਗਾਤਾਰ ਰਾਜ ਕਰਨ ਦੀ ਦਿਲਚਸਪ ਵਾਰਤਾ ਲਿਖੀ ਹੈ। ਇਹੋ ਸਲੋਕ ਸਕੰਦ ਪੁਰਾਣ ਦੇ 28ਵੇਂ ਅਧਿਆਏ ਵਿਚ ਦਰਜ ਮਿਲਦੇ ਹਨ। ਬ੍ਰਹਮਾ ਜੀ ਆਪਣੇ ਸਪੁੱਤਰ ਸਕੰਦ ਨੂੰ ਕਹਿ ਰਹੇ ਹਨ :

'ਉਹ ਬੇਦੀ-ਬੰਸੀ ਗੁਰੂ ਨਾਨਕ, ਧਰਮ ਦੇ ਤੱਤ ਦਾ ਉਪਦੇਸ ਦੇ ਕੇ ਮਲੇਛਾਂ ਦਾ ਨਾਸ਼ ਕਰੇਗਾ। ਉਸਦੇ ਮਾਰਗ ਨੂੰ ਜੋ ਜੱਟ ਜ਼ਿਮੀਦਾਰ ਗ੍ਰਹਿਣ ਕਰਨਗੇ, ਉਹ ਉਸਦੀ ਸਿਖਿਆ ਅਨੁਸਾਰ ਚਲਦੇ ਹੋਏ ਰਾਜ ਵੀ ਕਰਨਗੇ। ਇਸ ਪਿਛੋਂ ਗੋਰੇ ਆਉਣਗੇ ਜੋ 180 ਵਰ੍ਹੇ ਹਕੂਮਤ ਕਰਨਗੇ। ਅਨੀਤੀ ਕਾਰਨ ਇਹ ਮਲੇਛ ਫਿਰੰਗੀ ਲੱਦ ਜਾਣਗੇ ਅਤੇ ਫਿਰ ਰਾਜਰਿਸ਼ੀਆਂ (ਸਿੰਘਾਂ) ਦਾ ਹੁਕਮ ਚਲੇਗਾ ਜੋ ਕਿ ਧਰਮ ਸਦਕੇ ਸਾਢੇ ਤਿੰਨ ਸੌ ਬਰਸ ਤਕ ਰਹੇਗਾ।'

ਇਹ ਦੀਰਘ-ਦ੍ਰਿਸ਼ਟੀ ਵਾਲੇ ਬ੍ਰਾਹਮਣ ਦੀ ਪੇਸ਼ੀਨਗੋਈ ਅਜੋਕੇ ਅਲਪ ਦ੍ਰਿਸ਼ਟੀ ਵਾਲੇ ਬ੍ਰਾਹਮਣ ਸਮਝਣੋਂ ਅਸਮਰੱਥ ਹਨ, ਪਰ ਸ਼ਰਧਾਲੂ ਤੇ ਸਿਦਕੀ ਮਨ ਇਸ ਤੋਂ ਉਤਸ਼ਾਹ ਜ਼ਰੂਰ ਲੈਂਦਾ ਹੈ। ਇਹ ਕਦੋਂ ਹੋਵੇਗਾ? ਇਸ ਦਾ ਜਵਾਬ ਸ਼ਾਇਦ **'ਕੌਮਾਂਤਰੀ ਰਾਜਨੀਤੀ ਪੁਰਾਣਾਂ'** ਵਿਚੋਂ ਹੀ ਲੱਭ ਸਕੇਗਾ ਜੋ ਅਜੇ ਛਪੀ ਨਹੀਂ।

ਅਸੀਂ ਇਹ ਸੰਖੇਪ ਵੇਰਵੇ ਇਸ ਲਈ ਦਿੱਤੇ ਹਨ ਕਿ ਸਿੱਖ ਮਾਨਸ ਨੂੰ ਸਮਝਣ, ਫਿਰ ਕੁਝ ਮਦਦ ਮਿਲੇ। ਇਹ ਤਾਂ ਗੱਲ ਪੱਕੀ ਹੈ ਕਿ ਸਿੱਖ ਆਜ਼ਾਦੀ ਦਾ ਅਲਮਬਰਦਾਰ ਹੈ ਤੇ ਏਸ ਲਈ ਉਹ ਹਰ ਚੀਜ਼ ਵਾਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ।

ਪੱਛਮੀ ਚਿੰਤਕ ਇਸ ਸਿੱਟੇ ਉਤੇ ਪੁੱਜੇ ਹਨ ਕਿ ਜ਼ਿੰਦਗੀ ਦੀ ਸਿਹਤ ਲਈ ਸੁਤੰਤਰਤਾ, ਸਮਾਨਤਾ ਤੇ ਸੱਚੇ ਸੁੱਚੇ ਸਨੇਹ ਦਾ ਤ੍ਰਿਫਲਾ ਨਿਹਾਯਤ ਮੁਫੀਦ ਹੈ। ਦੂਜੇ ਲਫਜ਼ਾਂ ਵਿੱਚ ਆਜ਼ਾਦੀ, ਬਰਾਬਰੀ ਤੇ ਭਾਈਬੰਦੀ ਅਜਿਹੇ ਖੂਬਸੂਰਤ ਗੁਣ ਹਨ ਜੋ ਮਨੁੱਖੀ ਸਭਿਅਤਾ ਦਾ ਸ਼ਿੰਗਾਰ ਰਹੇ ਹਨ। ਪੰਜਾਬੀ ਜ਼ਿੰਦਗੀ ਮੁੱਢ ਤੋਂ ਹੀ ਆਜ਼ਾਦੀ, ਅਣਖ ਆਣ ਤੇ ਸਵੈਮਾਨ ਦੀ ਸ਼ੌਕੀਨ ਰਹੀ ਹੈ। ਸਾਡੇ ਵਡਾਰੂ ਰਿਸ਼ੀ ਕਿਹਾ ਕਰਦੇ ਸਨ ਕਿ ਆਰੀਆ ਕਦੀ ਗੁਲਾਮ ਨਹੀਂ ਹੋ ਸਕਦਾ-ਆਰਯਾਨਾਂ ਨਤ ਦਸ ਭਾਵ: ਇੱਕ ਪੁਰਾਤਨ ਪੰਜਾਬੀ ਕਵੀ ਦਾ ਕੌਲ ਹੈ ਕਿ ਉਸ ਪੁੱਤ ਦੇ ਜੰਮੇ ਦਾ ਕੀ ਫਾਇਦਾ ਤੇ ਮਰੇ ਦਾ ਕੀ ਨੁਕਸਾਨ ਜਿਸਦੇ ਪਿਉ ਦੀ ਧਰਤੀ ਗੈਰਾਂ ਦੇ ਪੈਰਾਂ ਹੇਠ ਰੋਲੀ ਜਾਂਦੀ ਹੋਵੇ :

ਪੁੱਤੇ ਜਾਏ ਕਵਣੁ ਗੁਣੁ, ਅਗਗੁਣ ਕਵਣੁ ਮੁਏਣ
ਜਾਂ ਬੱਪੂ ਕੀ ਭੂੰਇੜੀ, ਚੰਪਿਜਇ ਅਵਰੇਣ।

ਬਜ਼ੁਰਗ ਬਾਬੇ ਫਰੀਦ ਦਾ ਸੰਦੇਸ਼ ਵੀ ਹਰ ਪੰਜਾਬੀ ਨੂੰ ਪਰਾਏ ਬਾਰ ਬੈਸਣ ਤੋਂ ਵਰਜਦਾ

ਤੇ ਤਾਕੀਦ ਕਰਦਾ ਹੈ ਅਜਿਹਾ ਮੌਕਾ ਆ ਵੀ ਜਾਵੇ ਤਾਂ ਮੌਤ ਨੂੰ ਤਰਜੀਹ ਦੇਣਾ ਮੁਨਾਸਬ ਹੈ। ਗੁਰੂਆਂ ਤਾਂ ਸਪੱਸ਼ਟ ਹੀ ਕਹਿ ਦਿੱਤਾ ਕਿ ਜੇ ਬੇਗੈਰਤ ਤੇ ਬੇਪਤ ਹੋ ਕੇ ਜੀਉਣਾ ਹੈ ਤਾਂ ਐਸੀ ਜ਼ਿੰਦਗੀ ਨੂੰ ਲਾਨ੍ਹਤ ਹੈ। ਆਮ ਤੌਰ ਤੇ ਧਾਰਮਿਕ ਲਹਿਰਾਂ ਸਮਾਜਿਕ ਚੇਤਨਾ ਤੋਂ ਵਾਂਝੀਆਂ ਹੁੰਦੀਆਂ ਹਨ। ਲੇਕਿਨ ਗੁਰੂਆਂ ਜਾਣ ਬੁੱਝ ਕੇ ਸਮਾਜਿਕ ਚੇਤਨਾ ਦੇ ਨਾਲ-ਨਾਲ ਰਾਜਨੀਤਕ ਚੇਤਨਾ ਨੂੰ ਵੀ ਜੋੜਿਆ ਤਾਂ ਕਿ ਵਿਅਕਤੀ ਤੇ ਸਮਾਜ ਪੂਰਨ ਭਾਂਤ ਪ੍ਰਫੁਲਤ ਹੋ ਸਕੇ। **ਭੈ ਦੇਣਾ ਤੇ ਭੈ ਖਾਣਾ ਦੋਵੇਂ ਵਰਜਿਤ ਹਨ।** ਇਸੇ ਸਿੱਖਿਆ ਦਾ ਨਤੀਜਾ ਸੀ ਕਿ ਪੰਜਾਬ ਬਾਕੀ ਭਾਰਤ ਨਾਲੋਂ ਸਭ ਤੋਂ ਪਹਿਲਾਂ ਆਜ਼ਾਦ ਹੋਇਆ ਤੇ ਸਭ ਤੋਂ ਪਿੱਛੋਂ ਹੀ ਅੰਗਰੇਜ਼ੀ ਗੁਲਾਮੀ ਦਾ ਸ਼ਿਕਾਰ ਹੋਇਆ ਅਤੇ ਇਹ ਗੱਲ ਵੀ ਵਰਣਨਯੋਗ ਹੈ ਕਿ ਇਹ ਖਿੱਤਾ ਫਿਰੰਗੀ ਵਿਰੁੱਧ ਜੰਗ ਆਜ਼ਾਦੀ ਲੜਨ ਲਈ ਵੀ ਸਭ ਤੋਂ ਪਹਿਲਾਂ ਤਿਆਰ-ਬਰ-ਤਿਆਰ ਹੋਇਆ, ਇਸ ਦੇ ਵੀ ਇਤਿਹਾਸਕ ਕਾਰਨ ਸਨ। ਇਥੋਂ ਦੇ ਲੋਕਾਂ ਲਈ ਅੰਗਰੇਜ਼ ਇਕ ਆਫਤ ਸੀ, ਜੋ ਅਚਾਨਕ ਆ ਪਈ ਜਦੋਂ ਕਿ ਦੂਜੇ ਪ੍ਰਾਂਤਾਂ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਆਜ਼ਾਦੀ ਖੋਹੀ ਨਹੀਂ ਸੀ ਗਈ, ਸਗੋਂ ਸਦੀਆਂ ਤੋਂ ਕੇਵਲ ਮਾਲਕ ਹੀ ਬਦਲਦੇ ਆਏ ਸਨ। ਸੋ, ਪੰਜਾਬੀ ਮਾਨਸ ਦੀ ਅਵਸਥਾ ਹੋਰ ਸੀ। ਉਹ ਆਪਣੀ ਆਜ਼ਾਦੀ ਲਈ ਸਤਲੁਜ ਕੰਢੇ ਸਭਰਾਉਂ ਦੇ ਮੁਕਾਮ ਤੇ ਬੁੱਢੇ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਕਮਾਨ ਹੇਠ ਖੂਨ-ਡੋਲ੍ਹਵੀਂ ਤੇ ਨਿੰਬੂ-ਨਿਚੋੜ ਲੜਾਈ ਸੀ, ਪਰ ਬੇਈਮਾਨ ਡੋਗਰਾਗਰਦੀ ਦੀ ਸਾਜ਼ਸ਼ ਨੇ ਪੇਸ਼ ਨਾ ਜਾਣ ਦਿੱਤੀ ਤੇ ਫੌਜਾਂ ਜਿੱਤ ਕੇ ਹਾਰ ਗਈਆਂ।

(ੳ) ਫਿਰੰਗੀ ਸਾਮਰਾਜ ਵਿਰੁੱਧ ਸੰਗ੍ਰਾਮ :

ਆਖਰ ਕੂਟਨੀਤੱਗ ਫਿਰੰਗੀ 1849 ਵਿਚ ਪੰਜਾਬ 'ਤੇ ਆ ਕਾਬਜ਼ ਹੋਇਆ। ਪੰਜਾਬੀ ਲੋਕ ਨਿਚਲੇ ਬੈਠਣ ਵਾਲੇ ਨਹੀਂ ਸਨ, ਇੱਕਾ-ਦੁੱਕਾ ਯਤਨ ਸ਼ੁਰੂ ਹੋਏ। ਭਾਈ ਮਹਾਰਾਜ ਸਿੰਘ ਵਰਗੇ ਦਰਵੇਸ਼, ਫ਼ਕੀਰੀ ਬਾਣਾ ਪਾ ਕੇ ਅਤੇ ਲੁਕ ਛਿਪ ਕੇ ਇਹ ਸੰਗ੍ਰਾਮ ਚਲਾਉਂਦੇ ਰਹੇ ਜਿਸ ਦੇ ਪਕੜਨ ਦਾ ਇਨਾਮ ਦਸ ਹਜ਼ਾਰ ਰੱਖਿਆ ਗਿਆ ਸੀ। ਅੰਗਰੇਜ਼ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬੋਂ ਬਾਹਰ ਲਿਜਾ ਰਹੇ ਸਨ ਤੇ ਹਦਾਇਤ ਇਹ ਸੀ, ਦੇਖਣਾ ਕਿਤੇ ਭਾਈ ਮਹਾਰਾਜ ਸਿੰਘ, ਮਹਾਰਾਜੇ ਨੂੰ ਉਧਾਲ ਕੇ ਨਾ ਲੈ ਜਾਵੇ ਤੇ ਅਖੀਰ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਸਿੰਘਾਪੁਰ ਦੀ ਜੇਲ੍ਹ ਵਿਚ ਭੇਜ ਦਿੱਤਾ, ਜਿਥੇ ਕਿ 5 ਜੁਲਾਈ 1856 ਨੂੰ ਉਸ ਦਾ ਦੇਹਾਂਤ ਹੋਇਆ।

ਸਰਦਾਰ ਠਾਕਰ ਸਿੰਘ ਸੰਧਾਂਵਾਲੀਆ, ਸਰਦਾਰ ਲਹਿਣਾ ਸਿੰਘ ਦਾ ਸਪੁੱਤਰ ਸੀ, ਪਹਿਲੇ ਇਹ ਅੰਮ੍ਰਿਤਸਰ ਅਸਿਸਟੈਂਟ ਕਮਿਸ਼ਨਰ ਸੀ, ਪਰ ਗੈਰਤਮੰਦ ਸਰਦਾਰ ਹੋਣ ਨਾਤੇ ਜਲਦੀ ਅੰਗਰੇਜ਼ੀ ਚਾਕਰੀ ਤਿਆਗ ਗਿਆ। ਇਸ ਨੇ 1873 ਵਿਚ ਸਿੰਘ ਸਭਾ ਸਥਾਪਤ ਕੀਤੀ। ਫਿਰ ਹਿੰਦ ਭਰ ਵਿਚ ਰਾਜੇ ਰਾਣਿਆਂ ਨਾਲ ਸੰਬੰਧ ਜੋੜ ਕੇ ਵਿਉਂਤ ਬਣਾਈ ਕਿ

ਜਿਵੇਂ ਕਿਵੇਂ ਮਹਾਰਾਜਾ ਦਲੀਪ ਸਿੰਘ ਨੂੰ ਵਾਪਸ ਪੰਜਾਬ ਲਿਆਂਦਾ ਜਾਵੇ। ਇਸ ਨੇ ਈਵਨਜ ਬੈੱਲ ਦੀ ਕਿਤਾਬ 'ਅਨੈਕਸੇਸ਼ਨ ਆਫ ਪੰਜਾਬ' ਦਾ ਪੰਜਾਬੀ ਤਰਜ਼ਮਾ ਛਾਪ ਕੇ ਪੰਜਾਬ ਭਰ ਵਿਚ ਵੰਡਿਆ ਤਾਂ ਕਿ ਲੋਕਾਂ ਨੂੰ ਪਤਾ ਲਗ ਸਕੇ ਕਿ ਅੰਗਰੇਜ਼ਾਂ ਨੇ ਉਨ੍ਹਾਂ ਨਾਲ ਕੀ-ਕੀ ਅੰਨਿਆ ਕੀਤਾ ਹੈ। 1886 ਮਈ ਵਿਚ ਮਹਾਰਾਜਾ ਦਲੀਪ ਸਿੰਘ ਲਿਆਂਦਾ ਗਿਆ, ਪਰ ਅੰਗਰੇਜ਼ਾਂ ਉਸ ਨੂੰ ਅਦਨ ਹੀ ਰੋਕ ਦਿੱਤਾ। ਸ੍ਰ. ਠਾਕੁਰ ਸਿੰਘ ਸੰਧਾਵਾਲੀਆ ਹੁਸ਼ਿਆਰੀ ਕਰਕੇ ਪਾਂਡੀਚਰੀ ਚਲਿਆ ਗਿਆ। ਇਸ ਨੂੰ ਮਹਾਰਾਜਾ ਦਲੀਪ ਸਿੰਘ ਨੇ ਆਪਣਾ ਪ੍ਰਧਾਨ ਮੰਤਰੀ ਥਾਪਿਆ ਸੀ ਤੇ ਆਪਣੀ ਮੋਹਰ ਦਿੱਤੀ ਸੀ ਤਾਂ ਕਿ ਇਹ ਉਸਦੇ ਨਾਂ ਤੇ ਥਾਂ-ਥਾਂ ਚਿੱਠੀ ਪੱਤਰ ਕਰ ਸਕੇ। ਇਸ ਨੇ ਹਿੰਦ ਦੇ ਕ੍ਰਾਂਤੀਕਾਰੀਆਂ ਨਾਲ ਸੰਬੰਧ ਸਥਾਪਤ ਕੀਤੇ ਤੇ ਰੂਸ, ਨੇਪਾਲ, ਬਰਮਾ, ਹੈਦਰਾਬਾਦ, ਜੰਮੂ, ਬੰਗਾਲ ਆਦਿ ਵੱਲ ਆਪਣੇ ਮਿਸ਼ਨ ਭੇਜੇ, ਪਰ ਅਗਸਤ 1887 ਵਿਚ ਪਾਂਡੀਚਰੀ ਹੀ ਦੇਹਾਂਤ ਹੋ ਜਾਣ ਕਾਰਨ ਇਹ ਸਾਰੇ ਮੰਤਵ ਧਰੇ ਧਰਾਏ ਰਹਿ ਗਏ। ਅਜਿਹੇ ਵਿਅਕਤੀਗਤ ਜਤਨ ਹੋਰ ਵੀ ਹੋਏ, ਪਰ ਫ਼ਿਰੰਗੀ ਕੂਟਨੀਤੀ ਦੇ ਸਾਹਮਣੇ ਇਨ੍ਹਾਂ ਦੀ ਕੋਈ ਪੇਸ਼ ਨਾ ਗਈ। ਆਖ਼ੀਰ ਜਥੇਬੰਦਕ ਉਪਰਾਲੇ ਸ਼ੁਰੂ ਹੋਏ, ਜਿਨ੍ਹਾਂ ਦੀ ਗਿਣਤੀ ਇਉਂ ਕੀਤੀ ਜਾ ਸਕਦੀ ਹੈ :

1. ਨਾਮਧਾਰੀ ਲਹਿਰ
2. ਗਦਰ ਪਾਰਟੀ ਲਹਿਰ
3. ਅਕਾਲੀ ਲਹਿਰ
4. ਬੱਬਰ ਲਹਿਰ
5. ਨਾ-ਮਿਲਵਰਤਨ ਲਹਿਰ
6. ਹਿੰਦ ਛੱਡੋ ਲਹਿਰ
7. ਅਜ਼ਾਦ ਹਿੰਦ ਫੌਜ ਲਹਿਰ

(1) ਨਾਮਧਾਰੀ ਲਹਿਰ :

ਨਾਮਧਾਰੀ ਲਹਿਰ ਨੂੰ ਮੋਢੀ ਹੋਣ ਦਾ ਮਾਣ ਹਾਸਲ ਹੈ। ਅਸਲੀਅਤ ਇਹ ਸੀ ਕਿ ਬਾਬਾ ਰਾਮ ਸਿੰਘ ਜੁਆਨੀ ਵਿਚ ਕੰਵਰ ਨੌ ਨਿਹਾਲ ਸਿੰਘ ਦੀ ਫੌਜ ਵਿਚ ਸ਼ਾਮਲ ਸੀ ਤੇ ਉਸ ਨੇ ਦੱਰਾ ਖ਼ੈਬਰ ਤਕ ਕੇਸਰੀ ਨਿਸ਼ਾਨ ਝੂਲਦਾ ਤੱਕਿਆ ਸੀ। ਹੁਣ ਜਦੋਂ ਅੰਗਰੇਜ਼ ਆ ਗਿਆ ਤਾਂ ਇਹ ਸਵੈਮਾਨ ਦਾ ਝੰਡਾ ਉਤਾਰਿਆ ਗਿਆ ਤਾਂ ਹਜ਼ਾਰਾਂ ਫੌਜੀ ਗੱਭਰੂ ਵੀ ਉਤਾਰੂ ਕਰਕੇ ਘਰੀਂ ਬਿਠਾ ਦਿੱਤੇ ਗਏ। 1857 ਦੇ ਗ਼ਦਰ ਦੀ ਮਾਰ ਨਾਲ ਸਾਰਾ ਹਿੰਦ ਨਿਢਾਲ ਹੋ ਕੇ ਡਿਗਾ ਪਿਆ ਸੀ ਤਾਂ ਉਸ ਸਮੇਂ ਬਾਬਾ ਰਾਮ ਸਿੰਘ ਨੇ ਆਜ਼ਾਦੀ ਦੀ ਸ਼ਹਿਨਾਈ ਵਜਾਈ। ਪੁਰਾਣੇ ਸਿੰਘ ਗੱਲਾਂ ਕਰਦੇ ਸਨ ਕਿ ਇਹ ਕੀ ਹੋ ਗਿਆ ਕਿ ਉਤੇ ਫਿਰੰਗੀ ਤੇ ਹੇਠ ਭੁਝੰਗੀ ਆ ਗਿਆ, ਜਦੋਂ ਕਿ ਸੌ ਸਾਖੀ ਦਾ ਵਾਕ ਹੈ :

ਮੁਲਕ ਬੇਚ ਕਰਿ ਜਾਂਹਿ ਫਿਰੰਗੀ
ਗਾਜੈਗੋ ਤਬ ਮੌਰ ਭੁਜੰਗੀ।

ਇਸ ਤਰ੍ਹਾਂ ਕੁਝ ਸੌ ਸਾਖੀ ਦਾ ਆਸਰਾ ਲੈ ਕੇ ਨਾਮਧਾਰੀ ਲਹਿਰ ਪੂਰੇ ਜੋਸ਼ ਨਾਲ ਅੱਗੇ

ਵਧਦੀ ਗਈ। ਬਾਬਾ ਜੀ ਦਾ ਹੁਕਮ ਸੀ ਕਿ ਹਰ ਜਗਿਆਸੂ ਸਿੱਖ ਮਾਲਾ ਤੇ ਸੋਟਾ ਆਪਣੇ ਪਾਸ ਰੱਖੇ। ਇਸ ਤੋਂ ਵੀ ਵੱਧ ਜੋ ਗੱਲ ਕੂਕਾ ਲਹਿਰ ਨੇ ਕੀਤੀ-ਉਹ ਸਤਿਆਗ੍ਰਹਿ, ਨਾਮਿਲਵਰਤਨ ਅੰਗਰੇਜ਼ੀ ਚੀਜ਼ਾਂ-ਡਾਕਖਾਨਾ, ਰੇਲ ਤੇ ਅਦਾਲਤ ਆਦਿ ਦਾ ਬਾਈਕਾਟ ਤੇ ਸਵਦੇਸ਼ੀ ਚੀਜ਼ਾਂ, ਨਾਲ ਪ੍ਰੇਮ ਭਾਵਨਾ ਪੈਦਾ ਕਰਨਾ ਸੀ। ਇਹੋ ਗੱਲਾਂ ਸਨ ਜੋ ਅੱਗੇ ਜਾ ਕੇ ਕਾਂਗਰਸੀ ਆਗੂਆਂ ਅਪਣਾਈਆਂ ਤੇ ਮਹਾਤਮਾ ਗਾਂਧੀ ਜੀ ਦੀ ਨਾਮਿਲਵਰਤਨ ਲਹਿਰ ਦਾ ਆਧਾਰ ਬਣੀਆਂ। ਆਜ਼ਾਦੀ ਸੰਗ੍ਰਾਮ ਲਈ ਜਥੇਬੰਦ ਹੋਣਾ ਪਹਿਲੀ ਸ਼ਰਤ ਹੈ ਤੇ ਫਿਰ ਹਥਿਆਰਬੰਦ ਹੋਣਾ। ਲਾਮਬੰਦ ਹੋਣਾ ਅਤਿ ਜ਼ਰੂਰੀ ਹੈ, ਇਸ ਤੋਂ ਬਗੈਰ ਇਹ ਯੱਗ ਸਿਰੇ ਨਹੀਂ ਚੜ੍ਹਦਾ।

1872 ਤੱਕ ਨਾਮਧਾਰੀ ਲਹਿਰ ਇਤਨੀ ਤੇਜ਼-ਤਰਾਰ ਹੋ ਗਈ ਕਿ ਫਿਰੰਗੀ ਸਰਕਾਰ ਲਈ ਇਸ ਦੀ ਤਾਬ ਲਿਆਉਣਾ ਮੁਸ਼ਕਲ ਹੋ ਗਿਆ। ਅਖੀਰ ਚੜ੍ਹਦੇ ਸਾਲ ਹੀ ਜਨਵਰੀ 1872 ਵਿਚ ਮਲੇਰਕੋਟਲੇ ਲਾਗੇ ਜਮਾਲਪੁਰੇ ਦੀ ਰੱਖ ਵਿਚ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਮੂਹਰੇ ਖੜੇ ਕਰਕੇ ਉਡਾ ਦਿੱਤਾ ਗਿਆ। ਅੰਗਰੇਜ਼ ਕਹਿੰਦਾ ਸੀ - **ਪਿੱਠ ਕਰਕੇ ਖੜੇ ਹੋਵੋ** ਪ੍ਰੰਤੂ ਸਿੰਘਾਂ ਗਰਜਵੀ ਆਵਾਜ਼ ਨਾਲ ਜਵਾਬ ਦਿੱਤਾ, **'ਅਸੀਂ ਸਿੰਘ ਹਾਂ, ਸਨਮੁਖ ਜੂਝਾਂਗੇ।'** ਚੂਨਾਂਚਿ ਸਾਰੇ ਸਿੰਘ ਤੋਪਾਂ ਵਲ ਮੂੰਹ ਕਰਕੇ ਸ਼ਹੀਦੀਆਂ ਪਾ ਗਏ। ਇਕ ਨਾਮਧਾਰੀ ਸਿੰਘ ਦਾ ਕੱਦ ਛੋਟਾ ਸੀ, ਉਸ ਨੇ ਖੁਦ ਆਪਣੇ ਪੈਰਾਂ ਹੇਠ ਇੱਟਾਂ ਰੱਖਕੇ ਤੋਪ ਦਾ ਸਾਮ੍ਹਣਾ ਕੀਤਾ। ਇਹ ਸੁਤੰਤਰਤਾ ਸੰਗ੍ਰਾਮ ਦੇ ਪਹਿਲੇ ਬਲੀਦਾਨੀ ਸਨ ਜਿਨ੍ਹਾਂ ਲਹੂ ਪਾ ਕੇ ਆਜ਼ਾਦੀ ਦੀ ਜੋਤਿ ਜਗਾਈ। ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ ਗਿਆ ਜਿਥੇ ਕਿ ਨਵੰਬਰ 1885 ਵਿਚ ਆਪਦਾ ਦੇਹਾਂਤ ਹੋਇਆ। ਆਗੂ-ਰਹਿਤ ਕੂਕਾ ਲਹਿਰ ਠੰਢੀ ਪੈ ਗਈ ਤੇ ਆਮ ਲੋਕ ਅੰਗਰੇਜ਼ੀ ਵਫਾਦਾਰੀ ਵਿਚ ਗ੍ਰਸੇ ਰਹੇ।

(2) ਗਦਰ ਪਾਰਟੀ ਲਹਿਰ :

ਪਰ ਇਹ ਨੀਂਦ ਜਲਦੀ ਹੀ ਖੁਲ੍ਹ ਗਈ ਜਦੋਂ ਕਿ ਫਿਰੰਗੀ ਧਾਰੀ ਨੇ ਆਪਣੇ ਲਾਭਾਂ ਲਈ ਲੋਕਾਂ ਦੀ ਆਰਥਕ ਤੇ ਧਾਰਮਿਕ ਆਜ਼ਾਦੀ ਨੂੰ ਖ਼ਤਮ ਕਰਨਾ ਸ਼ੁਰੂ ਕੀਤਾ। ਵੀਹਵੀਂ ਸਦੀ ਦੇ ਮੁੱਢ ਵਿਚ ਨੌਆਬਾਦਕਾਰੀ ਐਕਟ ਬਣਿਆ, ਜਿਸ ਵਿਚ ਭੋਂ ਦੇ ਮਾਲਕ ਦੀ ਮੌਤ ਬਾਅਦ ਜ਼ਮੀਨ ਸਰਕਾਰ ਦੇ ਕਬਜ਼ੇ ਵਿਚ ਚਲੀ ਜਾਂਦੀ ਸੀ। ਫਿਰ ਮਾਮਲੇ ਬਹੁਤ ਵਧਾਏ ਗਏ, ਬਾਣੀਆਂ ਨੇ ਕਰਜ਼ਿਆਂ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਦਬਾ ਲਈਆਂ। 1901 ਈ. ਤਕ ਚਾਰ ਲੱਖ ਤੇਰਾਂ ਹਜ਼ਾਰ ਏਕੜ ਜ਼ਮੀਨ ਵਿਕ ਚੁੱਕੀ ਸੀ ਅਤੇ 1909 ਤਕ ਢਾਈ ਕਰੋੜ ਤੋਂ ਵੱਧ ਏਕੜ ਜ਼ਮੀਨ ਗਹਿਣੇ ਪੈ ਚੁੱਕੀ ਸੀ। ਸਰਕਾਰ ਲਈ ਬੇਕਾਰੀ ਲਾਭਵੰਦੀ ਸੀ, ਜਿਸ ਨਾਲ ਫੌਜੀ ਭਰਤੀ ਦਾ ਢਿੱਡ ਭਰਦਾ ਸੀ, ਪਰ ਕਿਤਨੇ ਐਸੇ ਲੋਕ ਸਨ ਜਿਨ੍ਹਾਂ ਅੰਗਰੇਜ਼ੀ ਨੌਕਰੀ ਪ੍ਰਵਾਨ ਨਾ ਕੀਤੀ ਤੇ ਉਹ ਰੋਜ਼ਗਾਰ ਦੀ ਭਾਲ ਵਿਚ ਬਰਮਾ, ਮਲਾਇਆ, ਚੀਨ ਤੇ ਫਿਰ

ਕੈਨੇਡਾ ਤੇ ਅਮਰੀਕਾ ਵਲ ਨਿਕਲ ਗਏ। ਆਜ਼ਾਦ ਪੌਣ ਪਾਣੀ ਦਾ ਉਨ੍ਹਾਂ ਤੇ ਬੜਾ ਛੇਤੀ ਤੇ ਡੂੰਘਾ ਅਸਰ ਹੋਇਆ, ਮਨ ਹਲੂਣਿਆ ਗਿਆ ਤੇ ਸਿਆਣੇ ਪੰਜਾਬੀਆਂ ਬਹਿਕੇ ਵਿਉਂਤਾਂ ਘੜੀਆਂ ਕਿ ਜਿਵੇਂ ਕਿਵੇਂ ਹਿੰਦ ਵਿਚੋਂ ਅੰਗਰੇਜ਼ ਨੂੰ ਕੱਢਿਆ ਜਾਵੇ। ਉਸ ਸਮੇਂ ਵਲੈਤ ਪੜ੍ਹਨ ਗਏ ਲਾਲਾ ਹਰਦਿਆਲ ਤੇ ਮਦਨ ਲਾਲ ਵਰਗੇ ਨੌਜੁਆਨ ਦੇਸ਼ ਭਗਤੀ ਦੇ ਜਜ਼ਬੇ ਨਾਲ ਭਰੇ ਪੀਤੇ ਫਿਰਦੇ ਸਨ। ਮਦਨ ਲਾਲ ਨੇ ਤਾਂ ਸਰ ਵਿਲੀਅਮ ਕਰਜਨ ਵਿਲੀ ਨੂੰ 1 ਜੁਲਾਈ 1909 ਨੂੰ ਗੋਲੀ ਮਾਰ ਦਿੱਤੀ ਤੇ ਉਹ ਇਸੇ ਦੋਸ਼ ਹੇਠ 17 ਅਗਸਤ 1909 ਨੂੰ ਲੰਡਨ ਵਿੱਚ ਫ਼ਾਂਸੀ ਲਗਾ। ਇਧਰ ਦੇਸ਼ ਵਿਚ ਲਾਲਾ ਲਾਜਪਤ ਰਾਇ, ਸਰਦਾਰ ਅਜੀਤ ਸਿੰਘ ਆਦਿ ਨੇ ਆਪਣੇ ਵਖਿਆਨਾਂ ਰਾਹੀਂ ਲੋਕਾਂ ਵਿਚ ਭਾਰੀ ਜਾਗ੍ਰਤੀ ਲਿਆਂਦੀ ਤੇ ਬਾਂਕੇ ਦਿਆਲ ਦੀ ਸਿੱਧੀ ਸਾਦੀ ਕਵਿਤਾ ਵੀ ਹਲੂਣਾ ਦੇਣ ਵਾਲੀ ਸੀ :

> ਪਗੜੀ ਸੰਭਾਲ ਜੱਟਾ ਓਇ ਪਗੜੀ ਸੰਭਾਲ ਵੇ,
> ਲੁਟ ਲਿਆ ਮਾਲ ਤੇਰਾ, ਕੀਤਾ ਬੇਹਾਲ ਵੇ।

ਬਿਦੇਸੀ ਬੈਠੇ ਪੰਜਾਬੀਆਂ ਨੇ ਕਈ ਸਭਾਵਾਂ ਬਣਾਈਆਂ। ਵਾਸ਼ਿੰਗਟਨ ਵਿਚ ਭਾਰੀ ਇਕੱਤਰਤਾ ਹੋਈ ਤੇ ਜੂਨ 1913 ਵਿਚ ਇੰਡੀਅਨ ਐਸੋਸੀਏਸ਼ਨ ਆਫ਼ ਪੈਸੇਫਿਕ ਕਾਸਟ ਬਣੀ। ਜਿਸ ਦੇ ਸੰਚਾਲਕ ਬਾਬਾ ਸੋਹਣ ਸਿੰਘ ਭਕਨਾ, ਸੂਫੀ ਅੰਬਾਪ੍ਰਸਾਦ ਤੇ ਭਾਈ ਭਗਵਾਨ ਸਿੰਘ ਆਦਿ ਸਨ। ਪਿੱਛੋਂ ਇਸ ਦਾ ਦਫਤਰ ਯੁਗਾਂਤਰ ਆਸ਼ਰਮ ਫਰਾਂਸਿਸਕੋ ਵਿਚ ਸਥਾਪਤ ਕੀਤਾ ਗਿਆ। ਅਕਤੂਬਰ ਵਿਚ ਲਾਲਾ ਹਰਦਿਆਲ ਆਏ ਤੇ ਨਵੰਬਰ ਵਿਚ 'ਗ਼ਦਰ' ਅਖ਼ਬਾਰ ਜਾਰੀ ਹੋਇਆ ਤੇ ਇਸ ਪਰਚੇ ਦੇ ਨਾਂ ਉਤੇ ਹੀ ਪਾਰਟੀ ਦਾ ਨਾਂ ਗ਼ਦਰ ਪਾਰਟੀ ਪ੍ਰਸਿੱਧ ਹੋ ਗਿਆ। ਇਸ ਪਰਚੇ ਵਿਚ ਬੜੀਆਂ ਤੇਜ਼ ਤਰਾਰ ਨਜ਼ਮਾਂ ਛਪਦੀਆਂ ਸਨ-

> ਗੱਡ ਦਿਓ ਜੰਗ ਦੀਆਂ ਲਾਲ ਝੰਡੀਆਂ। ਵੱਢ ਦਿਓ ਗੋਰੇ ਮੇਮਾਂ ਕਰ ਦਿਓ ਰੰਡੀਆਂ।
> ਚਾਰਕੁ ਕਰੋੜ ਇਥੇ ਗੋਰੇ ਵਸਦੇ। ਤੇਤੀ ਤੇ ਕਰੋੜ ਨੇ ਹਿੰਦੀ ਵਸਦੇ।
> ਅੱਠ ਅੱਠ ਇਕ ਦੀਆਂ ਪਾ ਲੋ ਵੰਡੀਆਂ। ਵੱਢ ਦਿਓ ਗੋਰੇ ਮੇਮਾਂ ਕਰ ਦਿਓ ਰੰਡੀਆਂ।

ਇਹ ਪਰਚਾ ਪਹਿਲੇ ਗੁਰਮੁਖੀ ਤੇ ਉਰਦੂ ਵਿਚ ਛਪਦਾ ਸੀ। ਗੁਰਮੁੱਖੀ ਦਾ ਪਰਚਾ ਕਰਤਾਰ ਸਿੰਘ ਸਰਾਭਾ ਸਾਇਕਲੋਸਟਾਇਲ ਕਰਦਾ ਸੀ ਤੇ ਉਰਦੂ ਦਾ ਰਘੂਬਰ ਦਯਾਲ। ਪਿਛੋਂ ਇਹ ਹਿੰਦੀ ਗੁਜਰਾਤੀ, ਬੰਗਾਲੀ ਤੇ ਪਸ਼ਤੋ ਵਿਚ ਵੀ ਛਾਪ ਕੇ ਦੂਰ-ਦੂਰ ਤਕ ਭੇਜਿਆ ਜਾਂਦਾ ਰਿਹਾ। ਲਾਲਾ ਹਰਦਿਆਲ ਵਿਦਵਾਨ ਇਨਕਲਾਬੀ ਸੀ ਤੇ ਬਹੁਤ ਵਧੀਆ ਬੁਲਾਰਾ ਸੀ। ਜੋ ਚੌਦਾਂ ਜ਼ਬਾਨਾਂ ਜਾਣਦਾ ਸੀ। ਉਸ ਦੀਆਂ ਤਕਰੀਰਾਂ ਨੇ ਨੌਜਵਾਨਾਂ ਨੂੰ ਕਾਫੀ ਉਭਾਰਿਆ।

23 ਦਸੰਬਰ 1912 ਵਿਚ ਲਾਰਡ ਹਾਰਡਿੰਗ ਉਤੇ ਦਿੱਲੀ ਬੰਬ ਸੁਟਿਆ ਗਿਆ ਜਿਸ ਨਾਲ ਕ੍ਰਾਂਤੀਕਾਰੀ ਬੜੇ ਖੁਸ਼ ਹੋਏ। ਲਾਲਾ ਹਰਦਿਆਲ ਨੇ ਬਰਕਲੇ ਯੂਨੀਵਰਸਿਟੀ ਵਿਚ

ਲੈਕਚਰ ਦਿੰਦਿਆਂ ਉਥੇ ਮੀਰ ਦਾ ਇਹ ਸ਼ਿਅਰ ਸੁਣਾ ਕੇ ਚੁਟਕੀ ਲਈ -

ਪਗੜੀ ਅਪਨੀ ਸੰਭਾਲੀਏਗਾ ਔਰ ਬਸਤੀ ਯੇਹ ਦਿੱਲੀ ਹੈ।

ਇਸ ਬੰਬ ਕੇਸ ਲਈ ਭਾਈ ਮਤੀ ਦਾਸ ਦੇ ਘਰਾਣੇ ਵਿਚੋਂ ਪਰਮਾਨੰਦ ਦੇ ਚਚੇਰੇ ਭਾਈ ਬਾਲਮੁਕੰਦ ਨੂੰ ਦੋਸ਼ੀ ਠਹਿਰਾ ਕੇ 11 ਮਈ 1915 ਅੰਬਾਲਾ ਸੈਂਟ੍ਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ।

ਹਰਦਿਆਲ ਦੇ ਲੈਕਚਰਾਂ ਨੇ ਪਾਰਟੀ ਦੀ ਧੁੰਮ ਪਾ ਦਿੱਤੀ, ਇਹ ਸ਼ੋਅ ਹਿੰਦ ਸਰਕਾਰ ਨੂੰ ਵੀ ਮਿਲ ਗਈ, ਅੰਗਰੇਜ਼ੀ ਇਸ਼ਾਰੇ 'ਤੇ ਅਮਰੀਕਾ ਸਰਕਾਰ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਲੇਕਿਨ ਹਾਲਤ ਨਾਜ਼ੁਕ ਦੇਖ ਕੇ ਸਾਥੀਆਂ ਦੀ ਸਲਾਹ ਨਾਲ ਉਹ ਚੋਰੀ ਛੁਪੀ ਜਰਮਨ ਚਲਾ ਗਿਆ ਤੇ ਉਥੇ ਤਿੰਨ ਚਾਰ ਸਾਲ ਅੰਗਰੇਜ਼ ਵਿਰੁੱਧ ਕੰਮ ਕਰਦਾ ਰਿਹਾ ਅਤੇ ਪਿੱਛੋਂ ਉਹ ਸਵੀਡਨ ਜਾ ਕੇ ਵਸ ਗਿਆ। ਸਤੰਬਰ 1914 ਵਿਚ ਬਜਬਜ ਘਾਟ ਦਾ ਸਾਕਾ ਹੋਇਆ, ਜਿਸ ਵਿਚ ਅਨੇਕਾਂ ਮਰੇ ਤੇ ਬਹੁਤੇ ਸਿੱਖ ਗ੍ਰਿਫ਼ਤਾਰ ਕੀਤੇ ਗਏ।

ਉਧਰ ਗ਼ਦਰ ਪਾਰਟੀ ਨੇ ਫ਼ੈਸਲਾ ਕੀਤਾ ਕਿ ਦੇਸ਼ ਵਿਚ ਜਾ ਕੇ ਹਥਿਆਰਬੰਦ ਇਨਕਲਾਬ ਲਈ ਜਤਨ ਆਰੰਭੇ ਜਾਣ ਤੇ ਫੌਜਾਂ ਵਿਚ ਭਰਤੀ ਹੋ ਕੇ ਕੰਮ ਕੀਤਾ ਜਾਵੇ। ਸੈਂਕੜੇ ਇਨਕਲਾਬੀ ਭਾਰਤ ਆਏ। ਜਰਮਨ ਵੱਲੋਂ ਹਥਿਆਰ ਪਹੁੰਚਾਣ ਦਾ ਭਰੋਸਾ ਦਿੱਤਾ ਗਿਆ ਸੀ, ਪਰ ਇਹ ਨਾ ਆਏ 21 ਫਰਵਰੀ 1915 ਦਿਨ ਨੀਅਤ ਹੋਇਆ ਕਿ ਪਹਿਲਾਂ ਮੀਆਂਮੀਰ ਲਾਹੌਰ ਛਾਉਣੀ ਤੇ ਫਿਰੋਜ਼ਪੁਰ ਛਾਉਣੀ 'ਤੇ ਕਬਜ਼ਾ ਕੀਤਾ ਜਾਵੇ ਲੇਕਿਨ ਮੁਖਬਰੀ ਕਾਰਨ ਇਹ ਸਾਰੀ ਵਿਉਂਤ ਫੇਲ੍ਹ ਹੋ ਗਈ। ਅੰਗਰੇਜ਼ ਨੇ ਤਿੰਨ ਸੌ ਤੋਂ ਉੱਤੇ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਉਤੇ ਕਾਲੇ ਕਾਨੂੰਨ ਮਾਤਹਿਤ ਮੁਕੱਦਮੇ ਚਲੇ। ਸੌ ਨੂੰ ਫਾਂਸੀ ਦੇ ਸੌ ਤੋਂ ਉਤੇ ਕਾਲੇਪਾਣੀ ਭੇਜੇ ਗਏ। **ਭਾਈ ਰਣਧੀਰ ਸਿੰਘ ਜੀ ਵੀ ਇਨ੍ਹਾਂ ਵਿਚ ਹੀ ਸਨ।** ਫ਼ਾਂਸੀ ਲਗਣ ਵਾਲਿਆਂ ਵਿਚ **ਕਰਤਾਰ ਸਿੰਘ ਸਰਾਭਾ** ਸੀ, ਜੋ ਸਭ ਤੋਂ ਛੋਟੀ ਉਮਰ ਦਾ 16-17 ਸਾਲਾਂ ਦਾ ਸੀ। ਇਸ ਤਰ੍ਹਾਂ ਗ਼ਦਰ ਲਹਿਰ ਇਕ ਵਾਰ ਤਾਂ ਛਾਈਂ-ਮਾਈਂ ਹੋ ਗਈ, ਪਰ ਡੂੰਘਾ ਅਸਰ ਛੱਡ ਗਈ।

(3) ਅਕਾਲੀ ਲਹਿਰ :

ਵੱਡੀ ਜੰਗ ਖਤਮ ਹੋ ਚੁੱਕੀ ਸੀ ਤੇ ਹਿੰਦੁਸਤਾਨੀ ਆਸ ਲਾਈ ਬੈਠੇ ਸਨ ਕਿ ਆਜ਼ਾਦੀ ਖ਼ਾਤਰ ਅੰਗਰੇਜ਼ ਚਾਰ ਸਾਲ ਤੋਂ ਲੜਦਾ ਆ ਰਿਹਾ ਹੈ ਤੇ ਹਿੰਦੁਸਤਾਨੀਆਂ ਨੇ ਵੀ ਜਿਸ ਵਿਚ ਹਿੱਸਾ ਪਾਇਆ ਹੈ, ਉਸ ਆਜ਼ਾਦੀ ਦਾ ਕੁਝ ਹਿੱਸਾ ਉਨ੍ਹਾਂ ਨੂੰ ਵੀ ਮਿਲੇਗਾ, ਪਰ ਹੋਇਆ ਇਸ ਦੇ ਉਲਟ 'ਅਨਾਰੀਕਲ ਐਂਡ ਰੈਵੋਲਿਊਸ਼ਨਰੀ ਕ੍ਰਾਇਮਜ਼' ਐਕਟ (ਕਾਲਾ ਕਾਨੂੰਨ) ਬਣਿਆ ਤੇ ਆਜ਼ਾਦੀ ਦੀ ਹਰ ਕਿਸਮ ਦੀ ਸਰਗਰਮੀ ਨੂੰ ਠੱਪਣ ਦਾ ਜਤਨ ਕੀਤਾ ਗਿਆ। ਡਾਕਟਰ ਸੈਫੁਦੀਨ ਕਿਚਲੂ ਤੇ ਡਾ. ਸਤਪਾਲ ਆਦਿ ਨੇਤਾਵਾਂ ਇਸ ਵਿਰੁੱਧ ਆਵਾਜ਼ ਉਠਾਈ,

ਦੇਸ਼ ਭਰ ਵਿਚ ਰੋਸ ਫੈਲਿਆ ਤੇ ਵਿਸਾਖੀ 1919 ਨੂੰ ਜ਼ਲ੍ਹਿਆਂ ਵਾਲਾ ਬਾਗ ਵਿਚ ਹਜ਼ਾਰਾਂ ਲੋਕ ਇਕੱਠੇ ਹੋਏ, ਜਿਨ੍ਹਾਂ ਉਤੇ ਡਾਇਰ ਨੇ ਮਸ਼ੀਨਗਨਾਂ ਬੀੜ ਕੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਸੈਂਕੜੇ ਬੇਗੁਨਾਹ ਭੁੰਨ ਦਿੱਤੇ। ਹੰਟਰ ਕਮੇਟੀ ਅਨੁਸਾਰ 1650 ਗੋਲੀਆਂ ਚਲੀਆਂ, 1302 ਮਾਰੇ ਗਏ ਜਿਸ ਵਿਚ 799 ਸਿੱਖ ਸਨ। ਫਿਰ ਅੰਗਰੇਜ਼ ਦੀ ਸ਼ਹਿ 'ਤੇ ਫਰਵਰੀ 1921 ਨਨਕਾਣਾ ਸਾਹਿਬ ਦਾ ਸਾਕਾ ਹੋਇਆ, ਜਿਸ ਵਿਚ ਮਹੰਤ ਨਰੈਣ ਦਾਸ ਦੇ ਗੁੰਡਿਆਂ ਨੇ ਡੇਢ ਸੌ ਤੋਂ ਉਤੇ ਨਿਰਦੋਸ਼ ਸਿੰਘਾਂ ਨੂੰ ਗੁਰਦੁਆਰੇ ਦੇ ਅੰਦਰ ਸ਼ਹੀਦ ਕਰ ਦਿੱਤਾ।

ਇਹ ਅਜਿਹੇ ਭਿਆਨਕ ਸਾਕੇ ਸਨ ਜਿਨ੍ਹਾਂ ਅਕਾਲੀ ਲਹਿਰ ਦਾ ਤੂਫ਼ਾਨ ਉਠਾਇਆ। ਸਿੱਖ ਆਪਣੇ ਗੁਰਧਾਮ ਆਜ਼ਾਦ ਦੇਖਣਾ ਚਾਹੁੰਦੇ ਸਨ ਤੇ ਦੂਜੇ ਫਿਰੰਗੀ ਦੀ ਜ਼ਾਬਰ ਨੀਤੀ ਤੋਂ ਤੰਗ ਆ ਕੇ ਰਾਜਨੀਤਕ ਬੰਧਨ ਤੋੜਨ ਲਈ ਵੀ ਬੇਚੈਨ ਸਨ। ਜੋ ਕੁਝ ਗ਼ਦਰੀਆਂ ਨਾਲ ਬੀਤਿਆ ਸੀ, ਉਹ ਸਭ ਦੇ ਸਾਹਮਣੇ ਸੀ। ਸੋ ਸਿਰਲੱਥ ਅਕਾਲੀਆਂ ਦਾ ਕਾਫਲਾ ਰਣ ਖੇਤਰ ਵਿਚ ਜੂਝਣ ਲਈ ਨਿਤਰਿਆ ਤੇ ਉਨ੍ਹਾਂ ਸ਼ਾਂਤਮਈ ਸਤਿਆਗ੍ਰਹਿ ਰਾਹੀਂ ਪੰਜ ਸਾਲ ਫਿਰੰਗੀ ਸਰਕਾਰ ਨੂੰ ਵਖਤ ਪਾਈ ਰੱਖਿਆ ਤੇ ਗੁਰਦੁਆਰੇ ਆਜ਼ਾਦ ਕਰਕੇ ਦਮ ਲਿਆ। ਇਸ ਲਹਿਰ ਦੀ ਅਗਵਾਈ ਕਰਨ ਵਾਲੇ ਨੇਤਾ-ਬਾਬਾ ਖੜਕ ਸਿੰਘ, ਸਰਦਾਰ ਬਹਾਦਰ ਮਹਿਤਾਬ ਸਿੰਘ, ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸਰਦਾਰ ਮੰਗਲ ਸਿੰਘ, ਕਰਤਾਰ ਸਿੰਘ ਝੱਬਰ, ਗਿਆਨੀ ਸ਼ੇਰ ਸਿੰਘ, ਗਿਆਨੀ ਹੀਰਾ ਸਿੰਘ ਦਰਦ ਆਦਿ ਸਨ। ਇਸ ਜਦੋ-ਜਹਿਦ ਵਿੱਚ ਪੰਜ ਸੌ ਤੋਂ ਉਤੇ ਸਿੰਘ ਸ਼ਹੀਦ ਹੋਏ, 30 ਹਜ਼ਾਰ ਜੇਲ੍ਹਾਂ ਵਿੱਚ ਗਏ ਤੇ ਪੰਦਰਾਂ ਲੱਖ ਜ਼ੁਰਮਾਨਾ ਭਰਿਆ। ਇਸ ਤਰ੍ਹਾਂ ਦੀ ਸਫ਼ਲਤਾ ਨੂੰ ਵੇਖਕੇ ਮਹਾਤਮਾ ਗਾਂਧੀ ਜੀ ਨੂੰ ਇਹ ਕਹਿਣਾ ਪਿਆ **'ਕਿ ਗੁਰਦੁਆਰੇ ਆਜ਼ਾਦ ਕਰਾਉਣ ਦੀ ਵਧਾਈ ਪ੍ਰਵਾਨ ਕਰੋ ਤੇ ਇਹ ਸਮਝੋ ਕਿ ਹਿੰਦੁਸਤਾਨ ਵੀ ਇਕ ਵੱਡਾ ਗੁਰਦੁਆਰਾ ਹੈ, ਜਿਸ ਨੂੰ ਤੁਸਾਂ ਹੀ ਆਜ਼ਾਦ ਕਰਾਉਣਾ ਹੈ।'**

ਪੰਜਾਬ ਇਨ੍ਹਾਂ ਕੁਰਬਾਨੀ-ਭਰਪੂਰ ਸਰਗਰਮੀਆਂ ਕਾਰਨ ਦੇਸ਼ ਵਿੱਚ ਮੋਹਰੀ ਰੋਲ ਅਦਾ ਕਰ ਰਿਹਾ ਸੀ ਤੇ ਇਸ ਵਾਤਾਵਰਨ ਦਾ ਸਿੱਟਾ ਸੀ ਕਿ 1929 ਵਾਲੇ ਸਰਬਹਿੰਦ ਕਾਂਗਰਸ ਦੇ ਲਾਹੌਰ ਇਜਲਾਸ ਵਿੱਚ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਗਿਆ। ਕੌਮੀ ਝੰਡੇ ਵਿੱਚ ਜਿਥੇ ਹਰਾ ਰੰਗ ਮੁਸਲਮਾਨਾਂ ਦਾ ਤੇ ਸਫੈਦ ਹਿੰਦੂਆਂ ਦਾ ਸੀ, ਉਥੇ ਕੇਸਰੀ ਰੰਗ ਸਿੱਖਾਂ ਦੀ ਸ਼ਮੂਲੀਅਤ ਦਾ ਪ੍ਰਤੀਕ ਬਣਿਆ ਅਤੇ ਸੰਗਰਾਮ ਹੋਰ ਤੇਜ਼ ਹੋਇਆ।

(4) ਸਿਵਲ-ਨਾਫ਼ੁਰਮਾਨੀ ਲਹਿਰ :

ਮਾਰਚ 1930 ਵਿੱਚ ਮਹਾਤਮਾ ਗਾਂਧੀ ਜੀ ਨੇ ਦੂਜੀ ਵਾਰ ਸਿਵਲ ਨਾਫ਼ੁਰਮਾਨੀ ਦੀ ਲਹਿਰ ਚਲਾਈ, ਬਾਵਜੂਦ ਕਈ ਰੋਸਿਆਂ ਦੇ ਸ਼੍ਰੋਮਣੀ ਅਕਾਲੀ ਦਲ ਨੇ ਪੰਜ ਹਜ਼ਾਰ

ਵਾਲੰਟੀਅਰ ਲਹਿਰ ਵਿੱਚ ਭੇਜਣ ਦੀ ਪੇਸ਼ਕਸ਼ ਕੀਤੀ। ਇਹ ਲੂਣ ਸਤਿਆਗ੍ਰਹਿ ਦਾ ਜ਼ਮਾਨਾ ਸੀ, ਬਿਦੇਸੀ ਚੀਜ਼ਾਂ ਦੇ ਬਾਈਕਾਟ ਦੀ ਲਹਿਰ ਜ਼ੋਰਾਂ 'ਤੇ ਸੀ, ਥਾਂ-ਥਾਂ ਗ੍ਰਿਫ਼ਤਾਰੀਆਂ ਹੋਈਆਂ। ਸੂਬਾ ਸਰਹੱਦ ਦੇ ਦੇਸ਼ਭਗਤ ਨੇਤਾਵਾਂ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟ ਕਰਨ ਲਈ 23 ਅਪ੍ਰੈਲ 1930 ਈ. ਨੂੰ ਕਿੱਸਾਖਾਨੀ ਬਾਜ਼ਾਰ ਵਿੱਚ ਪਠਾਨ ਇਕੱਠੇ ਹੋਏ, ਪੁਲਿਸ ਨੇ ਗੋਲੀ ਚਲਾ ਦਿੱਤੀ। ਜਿਸ ਨਾਲ 30 ਆਦਮੀ ਮਰੇ ਤੇ ਦੁੱਗਣੇ ਜ਼ਖਮੀ ਹੋਏ, ਪਠਾਣਾਂ ਨਾਲ ਹਮਦਰਦੀ ਕਰਨ ਲਈ ਸੌ ਸਿੰਘਾਂ ਦਾ ਜਥਾ ਲੈ ਕੇ ਮਾਸਟਰ ਤਾਰਾ ਸਿੰਘ ਪਿਸ਼ਾਵਰ ਗਏ ਤੇ ਰਸਤੇ ਵਿੱਚ ਹੀ ਪਕੜ ਕੇ ਗੁਜ਼ਰਾਤ ਜੇਲ੍ਹ ਅੰਦਰ ਡੱਕ ਦਿੱਤੇ ਗਏ।

ਇਸ ਤਰ੍ਹਾਂ ਉਸ ਸਮੇਂ ਅਕਾਲੀ ਕੇਵਲ ਗੁਰਦੁਆਰਿਆਂ ਦੀ ਆਜ਼ਾਦੀ ਲਈ ਹੀ ਨਹੀਂ ਬਲਕਿ ਸਾਰੇ ਲੋਕਾਂ ਦੀ ਆਜ਼ਾਦੀ ਤੇ ਭਲਾਈ ਲਈ ਹਰ ਤਰ੍ਹਾਂ ਸਰਗਰਮ ਸਨ। **ਸਭ ਨੂੰ ਦੇਸ਼ ਪਿਆਰਾ ਲਗਦਾ ਸੀ, ਹਿੰਦੂ ਮੁਸਲਮਾਨ ਜਾਂ ਸਿੱਖ ਦਾ ਸਵਾਲ ਨਹੀਂ ਸੀ।** ਬਲਕਿ ਦੇਸ਼ ਦਾ ਬਗੀਚਾ ਸਾਰਿਆਂ ਲਈ ਆਕਰਸ਼ਕ ਸੀ, ਇਕਬਾਲ ਦਾ ਨਗਮਾ ਸਭ ਦੀ ਜ਼ਬਾਨ 'ਤੇ ਸੀ :

ਸਾਰੇ ਜਹਾਂ ਸੇ ਅੱਛਾ ਯਹ ਹਿੰਦੁਸਤਾਂ ਹਮਾਰਾ।
ਹਮ ਬੁਲਬੁਲੇ ਹੈਂ ਇਸਕੀ ਯਹ ਗੁਲਦਤਾਂ ਹਮਾਰਾ।

ਲੇਕਿਨ ਸਰਕਾਰ ਨੂੰ ਇਹ ਦੇਸ਼ ਭਗਤੀ ਭਾਉਂਦੀ ਨਹੀਂ ਸੀ।

ਜੂਨ 1928 ਵਿੱਚ ਸਾਇਮਨ ਕਮਿਸ਼ਨ ਲਾਹੌਰ ਆਇਆ, ਲਾਲਾ ਲਾਜਪਤ ਦੀ ਅਗਵਾਈ ਹੇਠ ਇਸ ਵਿਰੁੱਧ ਮੁਜ਼ਾਹਰੇ ਹੋਏ, ਲਾਠੀ ਚਾਰਜ ਹੋਇਆ। ਇਸ ਵਿੱਚ ਲਾਲਾ ਜੀ ਦੇ ਸਖ਼ਤ ਚੋਟ ਲੱਗੀ ਤੇ ਉਹ 17 ਨਵੰਬਰ 1928 ਨੂੰ ਚਲਾਣਾ ਕਰ ਗਏ। ਨੌਜੁਆਨਾਂ ਨੂੰ ਰੋਹ ਆਇਆ, ਉਨ੍ਹਾਂ 8 ਅਪ੍ਰੈਲ, 1929 ਨੂੰ ਦਿੱਲੀ ਦੇ ਅਸੈਂਬਲੀ ਹਾਲ ਵਿੱਚ ਦੋ ਬੰਬ ਸੁੱਟੇ, ਜਿਸ ਵਿੱਚ **ਸਰਦਾਰ ਭਗਤ ਸਿੰਘ ਤੇ ਬਟਕੇਸ਼ਵਰ ਦੱਤ** ਨੂੰ ਉਮਰ ਕੈਦ ਹੋਈ। ਪਿੱਛੋਂ ਲਾਲਾ ਲਾਜਪਤ ਦੀ ਮੌਤ ਦਾ ਬਦਲਾ ਲੈਣ ਲਈ ਨੌਜੁਆਨ ਭਾਰਤ ਸਭਾ ਦੇ ਗੱਭਰੂਆਂ ਲਾਹੌਰ ਮਿ: ਸਾਂਡਰਸ ਨੂੰ ਮਿ. ਸਕਾਟ ਸਮਝ ਕੇ ਗੋਲੀ ਮਾਰ ਦਿੱਤੀ। ਅੰਗਰੇਜ਼ ਸਰਕਾਰ ਨੇ ਇਸ ਮੁਕੱਦਮੇ ਵਿੱਚ ਗੋਂਦ ਗੁੰਦ ਕੇ ਨੌਜੁਆਨ ਇਨਕਲਾਬੀਆਂ ਨੂੰ ਫਸਾ ਲਿਆ ਤੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ-ਤਿੰਨਾਂ ਨੂੰ ਫ਼ਾਂਸੀ ਦੀ ਸਜ਼ਾ ਹੋਈ, ਲੇਕਿਨ ਨੌਜਵਾਨ ਘਬਰਾਏ ਨਹੀਂ। ਬੰਦੀ ਖਾਨੇ ਵਿੱਚ ਵੀ ਅਜਿਹੇ ਨਗਮੇ ਗਾਉਂਦੇ ਰਹੇ ਜੈਸਾ ਕਿ ਭਗਤ ਸਿੰਘ ਬਾਰੇ ਪ੍ਰਸਿੱਧ ਹੈ ਕਿ ਉਹ ਇਹ ਸ਼ਿਅਰ ਆਮ ਗਾਇਆ ਕਰਦਾ ਸੀ :

'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ।'

23 ਮਾਰਚ, 1931 ਨੂੰ ਭਗਤ ਸਿੰਘ ਨੂੰ ਸਾਥੀਆਂ ਸਮੇਤ ਲਾਹੌਰ ਫਾਂਸੀ ਦੇ ਦਿੱਤੀ

ਗਈ ਲੇਕਿਨ ਉਸ ਦੇ ਚਿਹਰੇ 'ਤੇ ਜ਼ਰਾ ਮਲਾਲ ਨਹੀਂ ਸੀ। ਇਸੇ ਸੂਰਬੀਰਤਾ ਤੇ ਸਾਹਸ ਕਾਰਨ ਉਹ ਸੰਗਰਾਮੀਆਂ ਦਾ ਨਾਇਕ ਬਣ ਕੇ ਉਭਰਿਆ ਤੇ ਥਾਂ-ਥਾਂ ਤੇ ਉਸ ਦੀ ਪ੍ਰਸ਼ੰਸਾ ਹੋਈ, **ਪਰ ਅਫ਼ਸੋਸਨਾਕ ਗੱਲ ਇਹ ਹੈ ਕਿ ਉਸ ਸਮੇਂ ਗਾਂਧੀ ਇਰਵਨ ਪੈਕਟ ਸਮੇਂ ਗਾਂਧੀ ਜੀ ਇਸ ਬਾਰੇ ਬਿਲਕੁਲ ਗੂੰਗੇ ਹੀ ਬਣੇ ਰਹੇ।** ਹਰੀ ਕਿਸ਼ਨ ਨੇ ਪੰਜਾਬ ਦੇ ਗਵਰਨਰ ਨੂੰ ਲਾਹੌਰ ਯੂਨੀਵਰਸਿਟੀ ਦੇ ਹਾਲ ਵਿਚ 22 ਦਸੰਬਰ 1930 ਨੂੰ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਬਚ ਗਿਆ ਤੇ ਹਰੀ ਕਿਸ਼ਨ ਨੂੰ ਮੀਆਂ ਵਾਲੀ ਜੇਲ੍ਹ ਵਿੱਚ 9 ਜੂਨ 1931 ਨੂੰ ਫ਼ਾਂਸੀ ਦਿੱਤੀ ਗਈ।

(5) ਬਬਰ ਲਹਿਰ :

ਸਿੱਖਾਂ ਨੇ ਸ਼ਸਤ੍ਰਧਾਰੀ ਹੁੰਦਿਆਂ ਹੋਇਆਂ ਵੀ ਜਿਸ ਤਰ੍ਹਾਂ ਸ਼ਾਂਤਮਈ ਰਹਿਣ ਦਾ ਸਬੂਤ ਦਿੱਤਾ, ਉਹ ਇੱਕ ਅਨੋਖੀ ਗੱਲ ਸੀ, ਲੇਕਿਨ ਪੱਥਰ-ਚਿੱਤ ਸਰਕਾਰ ਉਤੇ ਇਸ ਦਾ ਕੋਈ ਅਸਰ ਨਹੀਂ ਸੀ, ਉਹ ਆਪਣਾ ਦਮਨ-ਚੱਕਰ ਚਲਾਈ ਜਾ ਰਹੀ ਸੀ। ਇਸ ਦੀ ਪ੍ਰਤਿਕਿਆ ਜ਼ਰੂਰੀ ਸੀ। ਗੱਦਾਰਾਂ, ਝੋਲੀਝੁਕਾਂ, ਮੁਖ਼ਬਰਾਂ ਤੇ ਫਿਰੰਗੀ ਸਰਕਾਰ ਵਿਰੁੱਧ ਉਨ੍ਹਾਂ ਦਾ ਰੋਹ ਵਧਦਾ ਜਾ ਰਿਹਾ ਸੀ। ਅਖੀਰ ਇਸ ਜੋਸ਼ੀਲੀ ਸਪ੍ਰਿਟ ਨੇ ਬਬਰ ਲਹਿਰ ਦਾ ਰੂਪ ਧਾਰਨ ਕੀਤਾ ਤੇ ਸਭ ਤੋਂ ਪਹਿਲਾਂ ਇਨ੍ਹਾਂ ਝੋਲੀ ਝੁਕਾਂ ਦਾ ਸੁਧਾਰ ਕਰਨਾ ਆਰੰਭਿਆ। ਸਬਰਾਂ ਦੀ ਜ਼ਬਾਨ ਵਿਚ 'ਸੁਧਾਰ' ਦਾ ਅਰਥ ਮਰ ਮੁਕਾਉਣਾ ਸੀ। ਇਸ ਲਹਿਰ ਦੇ ਮੋਢੀ ਆਗੂ ਕਿਸ਼ਨ ਸਿੰਘ ਗੜਗੱਜ, ਬਾਬੂ ਸੰਤਾ ਸਿੰਘ ਤੇ ਮਾਸਟਰ ਮੋਤਾ ਸਿੰਘ ਆਦਿ ਸਨ। ਬਬਰਾਂ ਵਿੱਚ ਅਕਾਲੀਆਂ ਵਾਲਾ ਧਾਰਮਿਕ ਜੋਸ਼ ਤੇ ਗਦਰੀ ਇਨਕਲਾਬੀਆਂ ਵਾਲੀ ਗੋਂਦ ਦੋਵੇਂ ਮੌਜੂਦ ਸਨ। ਇਨ੍ਹਾਂ ਦਰਜਨਾਂ ਝੋਲੀਚਕ ਤੇ ਮੁਖ਼ਬਰ ਮਾਰੇ ਤੇ ਸਰਕਾਰ ਨੂੰ ਪਿੱਸੂ ਪੈ ਗਏ। ਅਖੀਰ ਸੌ ਤੋਂ ਵੱਧ ਬਬਰ ਗ੍ਰਿਫ਼ਤਾਰ ਕੀਤੇ ਗਏ। ਛੇ ਨੂੰ ਫ਼ਾਂਸੀ 13 ਨੂੰ ਉਮਰ ਕੈਦ ਤੇ ਬਾਕੀ ਕਈਆਂ ਨੂੰ ਲੰਮੀਆਂ ਸਜ਼ਾਵਾਂ ਹੋਈਆਂ। ਫਾਂਸੀ ਚੜ੍ਹਨ ਵਾਲੇ ਸ੍ਰ. ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਦਲੀਪ ਸਿੰਘ, ਧਰਮ ਸਿੰਘ, ਕਰਮ ਸਿੰਘ ਤੇ ਨੰਦ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ 27 ਫਰਵਰੀ 1926 ਨੂੰ ਫਾਂਸੀ ਦਿੱਤੀ ਗਈ।

ਇਹ ਗੱਲ ਸਪੱਸ਼ਟ ਹੈ, ਅਹਿੰਸਾ ਦੀ ਠੰਢੀ ਨੀਤੀ ਤੋਂ ਅੱਕੇ ਨੌਜੁਆਨ ਹਥਿਆਰਬੰਦ ਯੁੱਧ ਦੇ ਹਾਮੀ ਹੋ ਕੇ ਥਾਂ-ਥਾਂ ਪਿਸਤੌਲ ਲਈ ਫਿਰਦੇ ਸਨ। ਇਸੇ ਵਿੱਚ ਉਨ੍ਹਾਂ ਨੂੰ ਮੁਲਕ ਦੀ ਨਿਜਾਤ ਦਿਸਦੀ ਸੀ। ਲੰਡਨ ਵਿਚ ਊਧਮ ਸਿੰਘ ਸੁਨਾਮੀ ਸੱਤ ਸਾਲ ਤੋਂ ਇਸ ਦਾਉ ਉਤੇ ਸੀ ਕਿ ਕਦੋਂ ਸਰ ਮਾਇਕਲ ਉਡਵਾਇਰ ਸਾਬਕਾ ਗਵਰਨਰ ਪੰਜਾਬ ਨੂੰ ਮਾਰ ਕੇ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲਵਾਂ। ਚੁਨਾਂਚਿ 13 ਮਾਰਚ 1940 ਨੂੰ ਕੈਕਸਟਨ ਹਾਲ ਵਿੱਚ ਉਸ ਇਹ ਕਾਰਾ ਕੀਤਾ ਤੇ 13 ਜੂਨ 1940 ਵਿੱਚ ਖੁਦ ਫ਼ਾਂਸੀ ਚੜ੍ਹ ਗਿਆ।

ਇਹੋ ਜਿਹੇ ਕਾਰਨਾਮੇ ਜਦੋਂ ਪੰਜਾਬੀ ਗੱਭਰੂ ਕਰਦੇ ਸਨ, ਇੱਕ ਵਾਰ ਤਾਂ ਸਾਰੇ

ਦੇਸ਼ ਵਿੱਚ ਹਲਚਲ ਮਚ ਜਾਂਦੀ ਸੀ ਤੇ ਸਰਕਾਰ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਜਾਂਦੀ ਸੀ। ਜਦੋਂ ਇੱਕ ਪਾਸੜ ਜ਼ੁਲਮ ਹੋਵੇ ਤਾਂ ਸਦਾ ਇਵੇਂ ਹੁੰਦਾ ਹੈ, ਇਸ ਰੋਹ ਨੂੰ ਕੋਈ ਰੋਕ ਨਹੀਂ ਸਕਦਾ। ਬੱਬਰਾਂ ਦੇ ਆਦਰਸ਼ਾਂ ਨੂੰ ਅਪਣਾ ਕੇ ਚਲਣ ਲਈ ਇਨਕਲਾਬੀ ਨੌਜੁਆਨਾਂ 'ਨੌਜਆਨ ਭਾਰਤ ਸਭਾ' ਬਣਾਈ ਜਿਸਦੇ ਮੋਢੀ ਭਗਤ ਸਿੰਘ ਸਨ। ਇਹ ਬਬਰ ਲਹਿਰ ਦੀ ਸ਼ਹਿਰੀ ਐਡੀਸ਼ਨ ਸੀ। ਇਸੇ ਤਰ੍ਹਾਂ ਰਿਆਸਤੀ ਹਲਕਿਆਂ ਵਿੱਚ ਜਾਗ੍ਰਤੀ ਲਿਆਉਣ ਹਿਤ ਸ੍ਰ. ਸੇਵਾ ਸਿੰਘ ਠੀਕਰੀਵਾਲਾ, ਭਗਵਾਨ ਸਿੰਘ ਲੌਂਗੋਵਾਲ, ਸ੍ਰ. ਵਜ਼ੀਰ ਸਿੰਘ ਦਰਦੀ, ਗਿ. ਬਿਜਲਾ ਸਿੰਘ ਆਦਿ ਸਨ, ਜਿਨ੍ਹਾਂ ਪਰਜਾ ਮੰਡਲ ਲਹਿਰ ਚਲਾਈ ਤੇ ਦੇਸੀ ਰਾਜਿਆਂ ਦੀ ਭੂਤਨੀ ਭੁਲਾਈ।

(6) ਹਿੰਦ ਛੱਡੋ ਲਹਿਰ :

ਜਦੋਂ ਅੰਗਰੇਜ਼ ਨੀਤੀਵਾਨਾਂ ਦੀਆਂ ਸਕੀਮਾਂ ਕੋਈ ਤਸੱਲੀਬਖਸ਼ ਨਤੀਜਾ ਨਾ ਕੱਢ ਸਕੀਆਂ ਤਾਂ ਮਹਾਤਮਾ ਗਾਂਧੀ ਜੀ ਨੇ ਇੱਕ ਸਿਆਣੇ ਨੇਤਾ ਵਾਂਗ ਅਗਸਤ 1942 ਵਿੱਚ 'ਹਿੰਦ ਛੱਡੋ' ਦਾ ਨਾਅਰਾ ਲਾਇਆ। ਹੋਰ ਕੋਈ ਚਾਰਾ ਨਹੀਂ ਸੀ, ਇਹ ਇੱਕ ਸਿੱਧੀ ਵੰਗਾਰ ਸੀ ਕਿ ਫਿਅਲ ਫਿਰੰਗੀ ਸਰਕਾਰ ਸਾਡੇ ਦੇਸ਼ ਨੂੰ ਛੱਡ ਕੇ ਚਲੀ ਜਾਵੇ। ਇਸ ਸਮੇਂ ਅੰਨ ਸੰਕਟ ਕਾਰਨ ਬੰਗਾਲ ਵਿੱਚ ਕਾਲ ਪਿਆ ਹੋਇਆ ਸੀ ਤੇ ਲੱਖਾਂ ਆਦਮੀ ਮੱਖੀਆਂ ਵਾਂਗ ਮਰ ਰਹੇ ਸਨ, ਦੂਜੇ ਪਾਸੇ ਵੱਡੀ ਜੰਗ ਦੇ ਖਰਚ ਦੇਸ਼ ਉਤੇ ਭਾਰੀ ਮਾਲੀ ਬੋਝ ਪਾ ਰਹੇ ਸਨ। ਲੀਗੀ ਨੇਤਾ ਆਪਣੀ ਅੜੀਅਲ ਨੀਤੀ ਕਾਰਨ ਕਿਸੇ ਗੱਲ ਨੂੰ ਸਿਰੇ ਨਹੀਂ ਸੀ ਲਗਣ ਦਿੰਦੇ, ਦੇਸ਼ ਅਨਿਸ਼ਚਿਤ ਅਵਸਥਾ ਦਾ ਸ਼ਿਕਾਰ ਸੀ 'ਕੁਇੱਟ ਇੰਡੀਆ ਮੂਵਮੈਂਟ' ਦਾ ਇਸ ਮੌਕੇ ਉਤੇ ਬੜਾ ਭਾਰੀ ਅਸਰ ਪਿਆ, ਦੇਸ਼ ਭਰ ਵਿਚ ਮੁਜ਼ਾਹਰੇ ਹੋਏ, ਭੰਨ-ਤੋੜ ਹੋਈ, ਗ੍ਰਿਫ਼ਤਾਰੀਆਂ ਹੋਈਆਂ ਪਰ ਪੰਜਾਬ ਵਿੱਚ ਇਸ ਲਹਿਰ ਦਾ ਜ਼ੋਰ ਕੁਝ ਘੱਟ ਪਿਆ, ਉਸ ਦਾ ਕਾਰਨ ਅਕਾਲੀਆਂ ਦਾ ਇਸ ਨੀਤੀ ਨਾਲ ਪੂਰੀ ਤਰ੍ਹਾਂ ਸਹਿਮਤ ਨਾ ਹੋਣਾ ਸੀ। ਇਥੇ ਦੋ ਰਾਵਾਂ ਸਨ, ਇੱਕ ਪੱਖ ਚਾਹੁੰਦਾ ਸੀ ਕਿ ਫੌਜ ਵਿਚ ਭਰਤੀ ਦੇ ਕੇ ਪੰਜਾਬ ਦੀ ਪੁਜ਼ੀਸ਼ਨ ਮਜ਼ਬੂਤ ਬਣਾਈ ਜਾਵੇ ਕਿਉਂਕਿ ਜੇ ਰਾਜ-ਭਾਗ ਕੱਲ ਲੈਣਾ ਹੀ ਹੈ ਤਾਂ ਉਸਦੀ ਸੰਭਾਲ ਲਈ ਫੌਜੀ ਤੇ ਸਿਵਲ ਨੌਕਰੀਆਂ ਵਿੱਚ ਵੱਧ ਤੋਂ ਵੱਧ ਸਿੱਖਾਂ ਦਾ ਹੋਣਾ ਲਾਭਦਾਇਕ ਹੈ। ਦੂਜੇ ਪਾਸੇ ਕੌਮਪ੍ਰਸਤੀ ਵਿਚਾਰਾਂ ਦੇ ਹਾਮੀ ਇਸ ਰਾਇ ਦੇ ਸਨ ਕਿ ਅੰਗਰੇਜ਼ ਸਰਕਾਰ ਨੂੰ ਕਿਸੇ ਤਰ੍ਹਾਂ ਦੀ ਵੀ ਮਿਲਵਰਤਨ ਨਾ ਦਿੱਤੀ ਜਾਵੇ ਤੇ ਉਹ ਹਜ਼ਾਰਾਂ ਦੀ ਗਿਣਤੀ ਵਿੱਚ ਜੇਲ੍ਹੀਂ ਵੀ ਗਏ ਤੇ ਕਈਆਂ ਲਾਹੌਰ ਕਿਲ੍ਹੇ ਦੇ ਤਸੀਹੇ ਵੀ ਝੱਲੇ। ਦੋਵੇਂ ਧੜੇ ਆਪਣੀ ਥਾਂ ਠੀਕ ਸਨ। ਪਾਕਿਸਤਾਨੀ ਮਾਰ ਤੋਂ ਬਚਣ ਲਈ ਸਤੰਬਰ 1942 ਵਿੱਚ ਆਜ਼ਾਦ ਪੰਜਾਬ ਦਾ ਮਤਾ ਪਾਸ ਹੋਇਆ।

(7) ਆਜ਼ਾਦ ਹਿੰਦ ਫੌਜ ਲਹਿਰ :

ਆਜ਼ਾਦੀ ਦੀ ਲਹਿਰ ਦਾ ਦੇਸ਼ ਵਿਚ ਹੀ ਅਸਰ ਨਹੀਂ ਸੀ, ਬਾਹਰ ਵੀ ਜਿਥੇ ਪੰਜਾਬੀ

ਬੈਠੇ ਸਨ, ਉਹ ਤਨੋਂ ਮਨੋਂ ਧਨੋਂ ਇਸ ਸੰਗਰਾਮ ਵਿੱਚ ਲੋੜੀਂਦਾ ਹਿੱਸਾ ਪਾ ਰਹੇ ਸਨ। ਜਾਪਾਨ ਨੇ ਮਲਾਇਆ ਤੇ ਹੱਲਾ ਕੀਤਾ ਤੇ ਸਿਆਮ ਵੀ ਕਾਬੂ ਆ ਗਿਆ। ਅਮਰ ਸਿੰਘ ਸਹੌਲੀ ਤੇ ਸੁਆਮੀ ਸਤਿਆਨੰਦ ਜੀ ਆਦਿ ਸਨ, ਜਿਨ੍ਹਾਂ ਜਾਪਾਨੀ ਨੇਤਾਵਾਂ ਨਾਲ ਗੱਲ ਕੀਤੀ ਤੇ ਚੌਦਾਂ ਪੰਜਾਬ ਰੈਮਮੈਂਟ ਦੇ ਕਪਤਾਨ ਮੋਹਨ ਸਿੰਘ ਤੇ ਕੈਪਟਨ ਮੁਹੰਮਦ ਅਕਰਮ ਨੇ ਹਥਿਆਰ ਸੁੱਟ ਕੇ ਸਮਝੌਤਾ ਕਰ ਲਿਆ ਕਿ ਤੁਸੀਂ ਸਾਡੀ ਮਦਦ ਕਰੋ। ਅਸੀਂ ਅੰਗਰੇਜ਼ਾਂ ਤੋਂ ਹਿੰਦ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਹਾਂ। ਦਸੰਬਰ 1941 ਵਿੱਚ ਆਜ਼ਾਦ ਹਿੰਦ ਫੌਜ ਦਾ ਬਾਨ੍ਹਣੂ ਬੰਨ੍ਹਿਆ ਗਿਆ ਤੇ ਹਿੰਦੁਸਤਾਨੀ ਜੰਗੀ ਕੈਦੀ, ਜਨਰਲ ਮੋਹਨ ਸਿੰਘ ਦੇ ਹਵਾਲੇ ਕਰ ਦਿੱਤੇ ਗਏ। 17 ਫਰਵਰੀ, 1942 ਨੂੰ ਸਿੰਘਾਪੁਰ ਅੰਗਰੇਜ਼ਾਂ ਹਥਿਆਰ ਸੁੱਟ ਦਿੱਤੇ ਤੇ ਉਹ ਵੀ ਸਾਰੀ ਸੈਨਾ ਜਨਰਲ ਮੋਹਨ ਸਿੰਘ ਨੂੰ ਸੌਂਪ ਦਿੱਤੀ ਗਈ। ਜੂਨ 1942 ਵਿੱਚ ਬੈਂਕੋਕ ਭਾਰੀ ਕਾਨਫਰੰਸ ਹੋਈ ਤੇ ਰਾਸ ਬਿਹਾਰੀ ਬੋਸ ਦੀ ਅਗਵਾਈ ਵਿੱਚ ਆਜ਼ਾਦ ਹਿੰਦ ਲੀਗ ਬਣਾਈ ਗਈ ਤੇ ਜਨਰਲ-ਅਫ਼ਸਰ ਕਮਾਡਿੰਗ-ਮੋਹਨ ਸਿੰਘ ਨੂੰ ਪ੍ਰਵਾਨ ਕੀਤਾ ਗਿਆ। ਕੁਲ ਫੌਜ 15 ਹਜ਼ਾਰ ਸੀ ਤੇ 21 ਹਜ਼ਾਰ ਹੋਰ ਵਾਲੰਟੀਅਰ ਸਨ। ਜਾਪਾਨੀਆਂ ਨਾਲ ਮਤਭੇਦ ਹੋ ਜਾਣ ਕਰਨ ਜਨਰਲ ਮੋਹਨ ਸਿੰਘ ਤਾਂ ਕੈਦ ਕਰ ਲਏ ਗਏ। ਜੁਲਾਈ 1943 ਵਿੱਚ ਸੁਭਾਸ਼ ਚੰਦਰ ਬੋਸ ਸਿੰਘਾਪੁਰ ਆ ਗਏ ਤੇ ਉਨ੍ਹਾਂ ਮੁੜ ਫੌਜ ਜਥੇਬੰਦ ਕੀਤੀ, ਜੋ ਚਾਲੀ ਹਜ਼ਾਰ ਤਕ ਹੋ ਗਈ। ਇਨ੍ਹਾਂ ਦੇ ਖਰਚ ਲਈ ਪੰਜਾਬੀਆਂ ਥਾਂ-ਥਾਂ ਫੰਡ ਇਕੱਠੇ ਕੀਤੇ ਤੇ ਲਗਭਗ 20 ਕਰੋੜ ਰੁਪਇਆ ਜੋੜਿਆ। ਆਜ਼ਾਦੀ ਦਾ ਜੋਸ਼ ਡਾਢਾ ਸੀ, ਲੋਕਾਂ ਸਾਮਾਨ ਵੇਚ ਕੇ ਦਾਨ ਦਿੱਤੇ ਤੇ ਸੁਆਣੀਆਂ ਨੇ ਆਪਣੇ ਗਹਿਣੇ ਭੇਟ ਕੀਤੇ। ਇਸ ਫੌਜ ਨੇ 'ਜੈ ਹਿੰਦ' ਦਾ ਨਾਅਰਾ ਹੀ ਨਹੀਂ ਦਿੱਤਾ, ਸਗੋਂ ਆਪਣੀ ਹਸਤੀ ਦੇ ਪ੍ਰਭਾਵ ਨਾਲ ਅੰਗਰੇਜ਼ਾਂ ਨੂੰ ਵਖਤ ਪਾਈ ਰੱਖਿਆ। ਭਾਵੇਂ ਇਸ ਵਿੱਚ ਹੋਰ ਲੋਕ ਵੀ ਸ਼ਾਮਲ ਸਨ ਪਰੰਤੂ ਵਧੇਰੇ ਗਿਣਤੀ ਪੰਜਾਬੀਆਂ ਦੀ ਸੀ। ਆਗੂ ਵੀ ਪੰਜਾਬੀ ਹੀ ਸਨ, ਜਿਵੇਂ ਕਰਨਲ ਨਿਰੰਜਨ ਸਿੰਘ, ਮੇਜਰ ਜਨਰਲ ਸ਼ਾਹ ਨਿਵਾਜ਼, ਕਰਨਲ ਗੁਰਬਖਸ਼ ਸਿੰਘ ਢਿੱਲੋਂ ਤੇ ਸਹਿਗਲ ਆਦਿ। ਜ਼ਾਹਰ ਹੈ ਕਿ ਪੰਜਾਬੀ ਜਿਥੇ ਵੀ ਸੀ, ਉਹ ਇਸ ਸੁਤੰਤਰਤਾ-ਸੰਗ੍ਰਾਮ ਵਿੱਚ ਆਪਣਾ ਹਿੱਸਾ ਪਾਈ ਜਾ ਰਿਹਾ ਸੀ।

ਅੱਜ ਲੋਕੀਂ ਹਿਸਾਬ ਲਾ-ਲਾ ਦਸਦੇ ਹਨ ਕਿ ਪੰਜਾਬੀਆਂ ਨੇ ਇਸ ਯੱਗ ਵਿੱਚ ਕਿੰਨਾ ਹਿੱਸਾ ਪਾਇਆ ਤੇ ਕਿੰਨਾ ਨਾਮ ਕਮਾਇਆ। ਫ਼ਖਰ ਨਾਲ ਸਾਡਾ ਸਿਰ ਉੱਚਾ ਹੈ ਕਿ ਸਾਡੇ ਬਜ਼ੁਰਗਾਂ ਵਿੱਤੋਂ ਵੱਧ ਕੁਰਬਾਨੀਆਂ ਕੀਤੀਆਂ। ਲਾਲਾ ਹਰਦਿਆਲ ਨੇ ਆਪਣੇ ਲੇਖ 'ਸਟਾਰਮ ਆਫ ਟਰਬਨਜ਼' ਵਿੱਚ ਦੱਸਿਆ ਹੈ ਕਿ ਪਗੜੀਆਂ ਵਾਲੇ ਜੁਆਨ ਕਿਸ ਤਰ੍ਹਾਂ ਆਜ਼ਾਦੀ ਦੇਵੀ ਨੂੰ ਰਿਝਾਉਣ ਲਈ ਸਦਾ ਤਤਪਰ ਦਿਸਦੇ ਸਨ। ਬੰਗਾਲੀ ਕ੍ਰਾਂਤੀਕਾਰੀ ਬਾਬੂ ਸੁਰਿੰਦਰਨਾਥ ਸੰਨਿਆਲ ਜਿਸ ਨੂੰ ਪੰਜਾਬੀ ਗੱਭਰੂਆਂ ਨਾਲ ਕੰਮ ਕਰਨ ਦਾ ਸੁਭਾਗ ਮਿਲਿਆ, ਆਪਣੀ ਪੁਸਤਕ 'ਬੰਦੀ ਜੀਵਨ' ਵਿੱਚ ਲਿਖਦਾ ਹੈ :

''ਸਿੱਖਾਂ ਜੇਹੀ ਸਮਰੱਥਵਾਨ ਤੇ ਚੇਤੰਨ ਕੌਮ ਹਿੰਦੁਸਤਾਨ ਵਿੱਚ ਹੋਰ ਨਹੀਂ। ਸਿੱਖ ਜਿਵੇਂ ਸੁਭਾਵਿਕ ਜੋਸ਼-ਭਰਪੂਰ ਹੋ ਜਾਂਦੇ ਹਨ, ਇਸ ਤਰ੍ਹਾਂ ਹੋਰ ਲੋਕ ਨਹੀਂ ਹੋ ਸਕਦੇ। ਸਿੱਖਾਂ ਵਿਚ ਪ੍ਰਚੰਡ ਉਤਸ਼ਾਹ ਤੇ ਸਾਹਸ ਸੀ ਉਹ, ਦੁੱਖ ਦੀ ਗੱਲ ਭੁੱਲ ਸਕਦੇ ਸਨ। ਉਨ੍ਹਾਂ ਦੀ ਮਜ਼ਬੂਤ ਦੇਹੀ, ਬਾਂਕੇ ਮੁਛਹਿਰੇ ਦਾੜ੍ਹੀ, ਅਨੋਖੀ ਦਸਤਾਰਾਂ ਅਤੇ ਦ੍ਰਿੜ੍ਹਤਾ-ਭਰਪੂਰ ਜਲਾਲੀ ਚਿਹਰੇ ਨੂੰ ਤੱਕ ਕੇ ਵੱਡੇ ਵੱਡੇ ਜ਼ਾਬਰਾਂ ਦਾ ਦਿਲ ਕੰਬ ਜਾਂਦਾ ਸੀ। ਸੀ.ਐਫ.ਐਂਡ੍ਰਿਊਜ਼ ਨੇ ਗੁਰੂ ਕੇ ਬਾਗ ਦਾ ਨਜ਼ਾਰਾ ਤੱਕ ਕੇ ਕਿਹਾ ਸੀ ਕਿ ਇਥੇ ਸੈਂਕੜੇ ਈਸਾ ਮਸੀਹ ਰੋਜ਼ ਤਸੀਹਿਆਂ ਦਾ ਸ਼ਿਕਾਰ ਹੋ ਰਹੇ ਹਨ ਜੋ ਸੰਸਾਰ ਨੂੰ ਸ਼ਾਂਤਮਈ ਤੇ ਸਾਹਸ ਦਾ ਨਵਾਂ ਸਬਕ ਸਿਖਾ ਰਹੇ ਹਨ। ਅਕਾਲੀਆਂ ਦੀਆਂ ਇਨ੍ਹਾਂ ਨਿਰਭੈ ਤੇ ਲਾਸਾਨੀ ਕੁਰਬਾਨੀਆਂ ਦੀ ਮਹਿਮਾ ਪੰ. ਮਦਨ ਮੋਹਨ ਮਾਲਵੀ, ਪੱਟ ਭਿ ਸੀਤਾ ਰਮੈਯਾ, ਮਹਾਤਮਾ ਗਾਂਧੀ, ਪੰ. ਨਹਿਰੂ, ਮੌਲਾਨਾ ਆਜ਼ਾਦ ਨੇ ਵੀ ਦਿਲ ਖੋਲ੍ਹ ਕੇ ਕੀਤੀ ਹੈ।

ਪੰਜਾਬ ਦੇ ਇਤਿਹਾਸ-ਖੋਜੀਆਂ ਇਹ ਅਨੁਮਾਨ ਲਾਇਆ ਹੈ ਕਿ ਜੇਕਰ ਸੁਤੰਤਰਤਾ-ਸੰਗ੍ਰਾਮ ਵਿਚ 123 ਬੰਦੇ ਫ਼ਾਂਸੀ ਲਗੇ ਤਾਂ ਇਸ ਵਿਚ 93 ਸਿੱਖ ਹਨ ਤੇ ਜੇਕਰ 2646 ਉਮਰ ਕੈਦ ਹੋਏ ਤਾਂ ਇਨ੍ਹਾਂ ਵਿਚ 2147 ਸਿੱਖ ਸਨ, ਜਲਿਆਂਵਾਲੇ ਬਾਗ ਦੇ ਹੱਤਿਆ ਕਾਂਡ ਵਿਚ 799 ਸਿੱਖ ਸ਼ਹੀਦ ਹੋਏ, ਬਜਬਜ ਘਾਟ ਦੇ ਸਾਕੇ ਵਿਚ 67 ਸਿੱਖ ਸ਼ਹੀਦ ਹੋਏ। ਕੂਕਾ ਲਹਿਰ ਵਿਚ 91 ਸਿੱਖ ਸ਼ਹੀਦ ਹੋਏ ਤੇ ਅਕਾਲੀ ਲਹਿਰ ਵਿਚ 500। ਬੰਬਈ ਯੂਨੀਵਰਸਿਟੀ ਦੇ ਵਿਦਵਾਨ ਪ੍ਰੋਫੈਸਰ ਗਿਲਬਰਟ ਲੋਬੋ ਨੇ ਸਾਰੇ ਅੰਕੜੇ ਗਿਣਕੇ ਇਹ ਤੱਤ ਕੱਢਿਆ ਹੈ ਕਿ ਹਿੰਦੁਸਤਾਨ ਦੇ ਸੁਤੰਤ੍ਰਤਾ ਸੰਗ੍ਰਾਮ ਵਿਚ ਜਾਨ ਵਾਰਨ ਵਾਲੇ 75 ਫ਼ੀਸਦੀ ਸਿੱਖ ਸਨ ਤੇ ਉਮਰ ਕੈਦ ਕੱਟਣ ਵਾਲੇ ਵਿਅਕਤੀਆਂ ਵਿਚ 80 ਫ਼ੀਸਦੀ ਸਿੱਖ ਸਨ। ਉਹ ਇਹ ਵੀ ਕਹਿੰਦਾ ਹੈ ਕਿ 1984 ਵਿਚ ਜੋ ਦੇਸ਼ ਦਾ ਅੰਨ ਭੰਡਾਰ ਇਕੱਠਾ ਹੋਇਆ, ਉਸ ਵਿਚ 86 ਫ਼ੀਸਦੀ ਭਾਗ ਪੰਜਾਬ ਨੇ ਦਿੱਤਾ ਸੀ। ਇਸ ਦਾ ਅਰਥ ਇਹ ਹੈ ਕਿ ਪੰਜਾਬੀ, ਸੰਗ੍ਰਾਮ ਵਿਚ ਜਾਨ ਦਿੰਦੇ ਹਨ ਤੇ ਆਰਾਮ ਵਿਚ ਅੰਨ ਦਾਨ ਦਿੰਦੇ ਹਨ। ਐਸਾ ਦੇਸ਼-ਸੇਵਕ ਕੌਣ ਹੋ ਸਕਦਾ ਹੈ। ਇਸੇ ਕਰਕੇ ਸਿੱਖ ਕਈ ਵਾਰ ਨਖਰੇ ਨਾਲ ਕਹਿ ਛਡਦੇ ਹਨ-**'ਅਗਰ ਸ਼ਾਮਲ ਹੋ ਨਾ ਕਿੱਸਾ ਹਮਾਰਾ। ਤੁਮਰੀ ਦਾਸਤਾਂ ਕੁਛ ਬੀ ਨਹੀਂ ਹੈ।'**

ਪਰ ਜੋ ਕੁਝ ਚਾਲੀ ਸਾਲਾਂ ਵਿਚ ਇਨ੍ਹਾਂ ਨਾਲ ਸਲੂਕ ਹੋਇਆ, ਉਹ ਸਾਰੀ ਕਾਰਗੁਜ਼ਾਰੀ ਦੇ ਬਿਲਕੁਲ ਵਿਰੁੱਧ ਹੈ।

'ਮਿਲਾ ਜੋ ਪਿਆਰ ਤੋ ਹਮ ਪਿਆਰ ਕੇ ਕਾਬਿਲ ਨ ਰਹੇ,
ਖਿਜ਼ਾਂ ਮੇਂ ਪਲ ਕੇ ਭੀ ਹਮ ਬਹਾਰ ਕੇ ਕਾਬਿਲ ਨ ਰਹੇ।'

ਵਰਤਮਾਨ ਸੰਕਟ :

ਦੇਸ਼-ਵੰਡ ਬਾਦ ਇਕ ਲੋਕੋਕਤੀ ਆਮ ਪ੍ਰਚਲਤ ਹੋਈ ਸੀ :

'ਹਿੰਦੂਆਂ ਨੂੰ ਮਿਲਿਆ ਹਿੰਦੁਸਤਾਨ, ਮੁਸਲਮਾਨਾਂ ਨੂੰ ਪਾਕਿਸਤਾਨ,
ਸਿੱਖਾਂ ਦੇ ਹੱਥ ਰਹਿ ਗਈ ਕੱਲੀ ਕ੍ਰਿਪਾਨ।'

ਇਸ ਦਾ ਮੋਟਾ ਜਿਹਾ ਭਾਵ ਇਹ ਸੀ ਕਿ ਸਿੱਖ ਵਿਚਾਰੇ ਰਾਜਨੀਤਕ ਸ਼ਕਤੀ ਤੋਂ ਵੰਚਿਤ ਰਹਿ ਗਏ ਜਦੋਂ ਕਿ ਡੇਢ ਫ਼ੀਸਦੀ ਗਿਣਤੀ ਹੁੰਦਿਆਂ ਆਜ਼ਾਦੀ ਲਈ ਸਿੱਖਾਂ 70-80 ਫ਼ੀਸਦੀ ਕੁਰਬਾਨੀਆਂ ਕੀਤੀਆਂ ਸਨ। ਪੱਛਮੀ ਪੰਜਾਬ ਵਿਚ 180 ਇਤਿਹਾਸਕ ਗੁਰਦੁਆਰੇ ਤੇ ਅਰਬਾਂ ਸੰਖਾਂ ਦੀ ਜ਼ਮੀਨ ਜਾਇਦਾਦ ਛਡਕੇ ਲੱਖਾਂ ਲੋਕ ਸ਼ਰਣਾਰਥੀ ਬਣੇ ਤੇ ਹਜ਼ਾਰਾਂ ਨੇ ਜਾਨ ਵੀ ਗਵਾਈ, ਪਰ ਕਿਸੇ ਕਦਰ ਨਾ ਪਾਈ। ਸਭ ਤੋਂ ਵੱਡਾ ਗਿਲਾ ਸਿੱਖਾਂ ਨੂੰ ਕਾਂਗਰਸ ਨਾਲ ਸੀ, ਜਿਸ ਸੁਤੰਤਰਤਾ-ਸੰਗ੍ਰਾਮ ਸਮੇਂ ਉਨ੍ਹਾਂ ਨਾਲ ਕਈ ਵਾਅਦੇ ਕੀਤੇ ਤੇ ਜੋ 40 ਸਾਲ ਤੋਂ ਰਾਜ ਭਾਗ ਦੀ ਮਾਲਕ ਵੀ ਰਹੀ, ਪਰ ਉਸ ਨੇ ਕੋਈ ਬਚਨ ਈਮਾਨਦਾਰੀ ਨਾਲ ਪੂਰਾ ਨਾ ਕੀਤਾ। ਇਸੇ ਕਰਕੇ ਸੰਵਿਧਾਨ ਬਣਨ ਸਮੇਂ ਸਿੱਖਾਂ ਦੇ ਪ੍ਰਤਿਨਿੱਧਾਂ- ਸ੍ਰ. ਹੁਕਮ ਸਿੰਘ ਤੇ ਸ੍ਰ. ਭੁਪਿੰਦਰ ਸਿੰਘ ਨੇ ਸੰਵਿਧਾਨ ਉਤੇ ਦਸਤਖ਼ਤ ਵੀ ਨਾ ਕੀਤੇ। ਇਸਦਾ ਸਾਫ਼ ਭਾਵ ਇਹ ਸੀ ਕਿ ਸਿੱਖ ਇਸ ਸੰਵਿਧਾਨ ਨੂੰ ਪ੍ਰਵਾਨ ਨਹੀਂ ਕਰਦੇ, ਜਿਸ ਵਿੱਚ ਸਿੱਖ ਹੱਕਾਂ ਦੀ ਰਾਖੀ ਲਈ ਇਕ ਵੀ ਸਤਰ ਨਹੀਂ ਪਾਈ ਗਈ ਜਦੋਂ ਕਿ ਕਾਂਗਰਸ ਪਾਰਟੀ ਵਲੋਂ ਵਾਅਦੇ ਇਸ ਪ੍ਰਕਾਰ ਕੀਤੇ ਗਏ ਸਨ :

(1) 26 ਮਈ 1929 ਨੂੰ ਹੋਏ ਲਾਹੌਰ ਦੇ ਸਾਲਾਨਾ ਸਮਾਗਮ ਸਮੇਂ ਸਰਬਹਿੰਦ ਕਾਂਗਰਸ ਨੇ ਇਹ ਮਤਾ ਪਾਸ ਕੀਤਾ ਸੀ :
'ਕਾਂਗਰਸ ਪਾਰਟੀ ਸਿੱਖਾਂ ਨੂੰ ਯਕੀਨ ਦਿਵਾਉਂਦੀ ਹੈ ਕਿ ਭਵਿੱਖ ਵਿਚ ਐਸਾ ਕੋਈ ਵੀ ਸੰਵਿਧਾਨ ਪ੍ਰਵਾਨ ਨਹੀਂ ਕੀਤਾ ਜਾਵੇਗਾ ਜੋ ਕਿ ਸਿੱਖਾਂ ਦੀ ਪੂਰੀ ਤਸੱਲੀ ਨਾ ਕਰਾਉਂਦਾ ਹੋਵੇ।'

(2) ਫਿਰ ਮਾਰਚ 1931 ਵਿਚ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ, "ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਬਚਨਾਂ ਅਤੇ ਕਾਂਗਰਸ ਵਲੋਂ ਪ੍ਰਵਾਨ ਕੀਤੇ ਮਤਿਆਂ ਉਤੇ ਪੂਰਾ-ਪੂਰਾ ਇਤਬਾਰ ਕਰੋ, ਤੁਹਾਡੀ ਕੌਮ ਨਾਲ ਤਾਂ ਕੀ ਅਸੀਂ ਕਿਸੇ ਇੱਕ ਵਿਅਕਤੀ ਨਾਲ ਵੀ ਵਿਸਾਹਘਾਤ ਨਹੀਂ ਕਰਾਂਗੇ। ਜੇ ਕਾਂਗਰਸ ਨੇ ਕਦੀ ਅਜਿਹਾ ਕੀਤਾ ਤਾਂ ਉਹ ਆਪਣੀ ਤਬਾਹੀ ਨੂੰ ਆਪ ਸੱਦਾ ਦੇਵੇਗੀ। ਮੈ ਤੁਹਾਨੂੰ ਫਿਰ ਬਿਨੈ ਕਰਦਾ ਹਾਂ ਕਿ ਆਪਣੇ ਦਿਲਾਂ ਵਿਚੋਂ ਸ਼ੱਕ ਸੰਦੇਹ ਕੱਢ ਦਿਓ। ਤੁਹਾਡੇ, ਮੇਰੇ ਅਤੇ ਕਾਂਗਰਸ ਦਰਮਿਆਨ ਪਰਮਾਤਮਾ ਸਾਖੀ ਹੈ ਕਿ ਅਸੀਂ ਆਪਣੇ ਵਾਅਦਿਆਂ ਉਤੇ ਪੂਰੇ ਉਤਰਾਂਗੇ। ਮੇਰੇ ਖਿਆਲ ਵਿਚ ਕਾਂਗਰਸ ਦਾ ਅਹਿੰਸਾ ਵਿਚ ਵਿਸ਼ਵਾਸ ਸਾਡੀ ਨੇਕਨੀਅਤੀ ਦੀ ਗਰੰਟੀ ਹੈ। ਸੋ ਸਿੱਖ ਵੀਰਾਂ ਦੇ ਮਨਾਂ ਵਿਚ ਇਹ ਤੌਖ਼ਲਾ ਰਹਿਣਾ

ਕਿ ਕਾਂਗਰਸ ਉਨ੍ਹਾਂ ਨਾਲ ਵਿਸਾਹਘਾਤ ਕਰੇਗੀ, ਇਸਦੀ ਉੱਕਾ ਹੀ ਗੁੰਜੈਸ਼ ਨਹੀਂ। ਪਰ ਜੇ ਕਾਂਗਰਸ ਨੇ ਐਸਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਹ ਖ਼ੁਦ ਆਪਣੀ ਅਤੇ ਦੇਸ਼ ਦੀ ਤਬਾਹੀ ਦਾ ਕਾਰਨ ਬਣੇਗੀ।"

ਇਹ ਤਕਰੀਰ ਸੁਣਕੇ **ਭਾਈ ਮਧੂਸੂਦਨ ਸਿੰਘ** ਜੀ ਨੇ ਖੜੇ ਹੋ ਕੇ ਫਿਰ ਸਵਾਲ ਉਠਾਇਆ ਕਿ ਮਹਾਤਮਾ ਜੀ! ਜੇ ਕਾਂਗਰਸ ਆਪਣੇ ਬਚਨਾਂ ਤੋਂ ਫਿਰ ਗਈ ਤਾਂ ਅਸੀਂ ਕੀ ਕਰਾਂਗੇ, ਇਸਦੇ ਉਤਰ ਵਿਚ ਗਾਂਧੀ ਜੀ ਨੇ ਫੇਰ ਕਿਹਾ, "ਮੈਨੂੰ ਪਤਾ ਹੈ ਕਿ ਸਿੱਖ ਬਹਾਦਰ ਲੋਕ ਹਨ, ਜੇ ਕਦੀ ਐਸਾ ਮੌਕਾ ਬਣ ਵੀ ਜਾਵੇ ਤਾਂ ਇਹ ਆਪਣੇ ਹੱਕਾਂ ਦੀ ਰਾਖੀ ਸ਼ਸਤਰਾਂ ਦੁਆਰਾ ਵੀ ਕਰਨਾ ਜਾਣਦੇ ਹਨ।"

'More over the Sikhs are a brave people. They knew how to safeguared their rights by the exercise of arms, if it should ever come to that.'

(Young India, dated 19 March, 1931)

(3) ਜੁਲਾਈ 1946 ਵਿਚ ਕਲਕੱਤੇ ਕਾਂਗਰਸ ਦਾ ਇਜਲਾਸ ਹੋਇਆ ਤਾਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਫੁਰਮਾਇਆ, "ਪੰਜਾਬ ਦੀ ਬਹਾਦਰ ਸਿੱਖ ਕੌਮ ਵਿਸ਼ੇਸ਼ ਧਿਆਨ ਦੀ ਹੱਕਦਾਰ ਹੈ। ਮੈਨੂੰ ਇਸ ਵਿਚ ਕੋਈ ਵੀ ਗਲਤ ਗੱਲ ਨਹੀਂ ਲਗਦੀ, ਦੇਸ਼ ਦੇ ਉਤਰੀ ਹਿੱਸੇ ਵਿਚ ਇਕ ਅਜਿਹਾ ਖਿੱਤਾ ਤੇ ਪ੍ਰਬੰਧ ਸਿਰਜ ਲਿਆ ਜਾਵੇ ਜਿਥੇ ਕਿ ਸਿੱਖ ਵੀ ਆਜ਼ਾਦੀ ਦਾ ਜਲਵਾ ਮਾਣ ਸਕਣ।"

The brave Sikhs of Punjab entitled to special considera-tion. I see nothing wrong in an area and a set up in the North, wherein the Sikhs can also experience, the glow of freedom.

(The Statesman Calcutta, 7.7.1946)

ਫਿਰ ਪੰਡਿਤ ਜੀ ਨੇ ਆਇਨਸਾਜ਼ ਅਸੈਂਬਲੀ ਦੇ 9 ਦਸੰਬਰ 1946 ਦੇ ਸਮਾਗਮ ਵਿਚ ਇਹ ਮਤਾ ਵੀ ਪਾਸ ਕੀਤਾ ਸੀ :

'ਦੇਸ਼ ਦੀਆਂ ਤਮਾਮ ਘੱਟ ਗਿਣਤੀਆਂ ਨੂੰ ਕਾਨੂੰਨੀ ਸੁਰੱਖਿਆਵਾਂ ਦਿੱਤੀਆਂ ਜਾਣਗੀਆਂ। ਇਹ ਦੁਨੀਆ ਦੇ ਸਾਹਮਣੇ ਸਾਡਾ ਐਲਾਨ, ਸਾਡਾ ਬਚਨ, ਸਾਡੀ ਜ਼ਿੰਮੇਵਾਰੀ ਹੈ, ਲੱਖਾਂ ਲੋਕਾਂ ਨਾਲ ਅਹਿਦਨਾਮਾ ਹੈ। ਇਕ ਕਿਸਮ ਦੀ ਸੁਗੰਦ ਹੈ, ਜਿਸਨੂੰ ਅਸਾਂ ਨਿਭਾਉਣਾ ਹੈ।'

ਜਨਵਰੀ 1947 ਵਿਚ ਸਰਬਹਿੰਦ ਕਾਂਗਰਸ ਪਾਰਟੀ ਨੇ ਫਿਰ ਇਹ ਦੁਹਰਾਇਆ ਕਿ ਪੰਜਾਬ ਅੰਦਰ ਸਿੱਖ ਹੱਕਾਂ ਨੂੰ ਕੋਈ ਠੇਸ ਨਹੀਂ ਲਗਣੀ ਚਾਹੀਦੀ।

ਅਜਿਹੇ ਦਰਜਨਾਂ ਵਾਅਦੇ ਕੀਤੇ ਗਏ ਜੋ ਕਾਂਗਰਸ ਪਾਰਟੀ ਤੇ ਸਰਕਾਰੀ ਰਿਕਾਰਡ ਵਿਚ ਅੱਜ ਵੀ ਮੌਜੂਦ ਹਨ, ਪਰ ਰਾਜਸੀ ਤਾਕਤ ਆਉਣ 'ਤੇ ਇਹ ਸਾਰੇ ਬਚਨ ਛਿੱਕੇ ਤੇ ਟੰਗ ਦਿੱਤੇ ਗਏ।

ਸਿੱਖ ਜੰਗੇ ਆਜ਼ਾਦੀ ਲੜਨ ਲਈ ਮੋਹਰੇ ਸਨ ਤੇ ਛੋਹਲੇ ਵੀ ਸਨ, ਪਰ ਰਾਜਨੀਤਕ ਦੌੜ ਵਿਚ ਸੱਚਮੁਚ ਭੋਲੇ ਹੀ ਸਨ, ਜੋ ਨਾਗਾਂ ਨੂੰ ਹਾਰ ਸਮਝ ਕੇ ਗਲੇ ਪਾਉਂਦੇ ਰਹੇ ਤੇ ਅੱਜ ਪਛਤਾ ਰਹੇ ਹਨ :

'ਜਿਨ੍ਹੋਂ ਕੋ ਹਾਰ ਸਮਝਾ ਥਾ, ਗਲਾ! ਅਪਨਾ ਸਜਾਨੇ ਕੋ
ਵੁਹ ਕਾਲੇ ਨਾਗ ਬਨ ਬੈਠੇ, ਮੇਰੇ ਹੀ ਕਾਟ ਖਾਨੇ ਕੋ।'

(ਅ) ਬਣੀਆ-ਸਾਮਰਾਜ ਵਿਰੁੱਧ ਸੰਘਰਸ਼ :

ਇਸ ਹਾਲਤ ਵਿਚ ਸਿੱਖ ਮੁੜ ਸ਼ਾਂਤਮਈ ਜਦੋਜਹਿਦ ਕਰਨ ਲਈ ਮਜਬੂਰ ਹੋਏ ਤੇ ਅਨੇਕਾਂ ਵਾਰ ਲੱਖਾਂ ਦੀ ਗਿਣਤੀ ਵਿਚ ਕੈਦ ਹੋਏ ਤੇ ਹਜ਼ਾਰਾਂ ਦੀ ਤਾਦਾਦ ਵਿਚ ਦੇਸੀ ਸਰਕਾਰ ਹੱਥੋਂ ਸ਼ਹੀਦ ਵੀ ਹੋਏ। ਅਜੇਹੀ ਮਾਯੂਸੀ ਦੀ ਅਵਸਥਾ ਵਿਚ ਹੀ ਪੰਜਾਬੀ ਸੂਬੇ ਦੀ ਮੰਗ ਉਭਰੀ, ਭਾਵੇਂ ਸਿੱਖ ਨਹੀਂ ਸੀ ਚਾਹੁੰਦੇ ਕਿ ਦੇਸ਼ ਦੀ ਹੋਰ ਵੰਡ ਹੋਵੇ, ਵੰਡ ਦੇ ਕਰੂਰ ਨਤੀਜਿਆਂ ਤੋਂ ਉਹ ਜਾਣੂ ਸਨ, ਪਰ ਫਿਰ ਵੀ ਉਨ੍ਹਾਂ ਨੂੰ ਇਸੇ ਵਿਚ ਕੁਝ ਨਿਜਾਤ ਦਿਸੀ ਤੇ ਉਨ੍ਹਾਂ ਸੂਬੇ ਦੀ ਭਾਸ਼ਈ ਅਧਾਰ ਉਤੇ ਨਵੀਂ ਹਦਬੰਦੀ ਲਈ ਸੰਘਰਸ਼ ਕੀਤਾ। ਜਦੋਂ ਕਿ ਬਾਕੀ ਹਿੰਦ ਵਿਚ ਭਾਸ਼ਾਵਾਰ ਸੂਬੇ ਬਣਾ ਦਿੱਤੇ ਸਨ ਪਰੰਤੂ ਸਰਕਾਰ ਨੇ ਇਥੇ ਅਜਿਹਾ ਕਰਨਾ ਪ੍ਰਵਾਨ ਨਾ ਕੀਤਾ। ਫਿਰ ਲੰਮੀ ਐਜੀਟੇਸ਼ਨ ਹੋਈ, ਪੰਜਾਬੀ ਸੂਬਾ (1966) ਬਣਾਇਆ ਗਿਆ, ਪਰ ਇਸ ਦੀ ਕੱਟ-ਵੱਢ ਹਾਕਮ ਜਮਾਤ ਨੇ ਇਉਂ ਕੀਤੀ ਕਿ ਇਹ ਕਿਸੇ ਕੰਮ ਜੋਗਾ ਨਾ ਰਹੇ। ਹਰਿਆਣੇ ਤੇ ਹਿਮਾਚਲ ਨੂੰ ਚੰਗੇ ਇਲਾਕੇ ਤੇ ਚੰਗੀ ਮਾਲੀ ਮਦਦ ਦੇ ਕੇ ਉਭਾਰਿਆ ਗਿਆ ਤੇ ਪੰਜਾਬੀ ਸੂਬੇ ਦੇ ਪੰਜਾਬੀ ਇਲਾਕੇ ਖੋਹਕੇ ਤੇ ਚੰਡੀਗੜ੍ਹ ਨੂੰ ਕੇਂਦਰ ਅਧੀਨ ਰੱਖ ਕੇ ਸਿੱਖ ਸ੍ਵੈਮਾਨ ਨੂੰ ਤ੍ਰਿਸਕਾਰਿਆ ਗਿਆ।

ਅਜਿਹੇ ਮਤ੍ਰੇਈ ਮਾਂ ਵਾਲੇ ਭੈੜੇ ਸਲੂਕ ਦੇ ਬਾਵਜੂਦ ਸਿੱਖਾਂ ਨੇ ਦੇਸ਼ ਪ੍ਰਤੀ ਆਪਣੇ ਕਰਤੱਵ ਨੂੰ ਨਿਭਾਉਣ ਤੋਂ ਜ਼ਰਾ ਸੰਕੋਚ ਨਹੀਂ ਕੀਤਾ। ਜਦ-ਜਦ ਵੀ ਪਾਕਿਸਤਾਨ ਤੇ ਚੀਨ ਨਾਲ ਚਾਰ ਜੰਗ ਹੋਏ, ਸਿੱਖਾਂ ਨੇ ਸਦਾ ਹੀ ਦੇਸ਼ ਦੀ ਸੁਰੱਖਿਆ ਲਈ ਮੁਹਰੇ ਹੋ ਕੇ ਜਾਨਾਂ ਵਾਰੀਆਂ ਤੇ ਸਰਹੱਦਾਂ ਦੀ ਰਾਖੀ ਕਰਦਿਆਂ ਅਦੁੱਤੀ ਕਾਰਨਾਮੇ ਕੀਤੇ, ਜਿਨ੍ਹਾਂ ਦੀ ਪ੍ਰਸ਼ੰਸਾ ਨਾਲ ਫੌਜੀ ਰਿਕਾਰਡ ਭਰਿਆ ਪਿਆ ਹੈ। ਇਸ ਸੱਚਾਈ ਦੀ ਪੁਸ਼ਟੀ ਇਸ ਗੱਲੋਂ ਹੀ ਹੋ ਜਾਂਦੀ ਹੈ ਕਿ ਇਨ੍ਹਾਂ ਜੰਗਾਂ ਯੁੱਧਾਂ ਵਿਚ ਪਰਮਵੀਰ ਚੱਕਰ, ਮਹਾਂਵੀਰ ਚੱਕਰ, ਵੀਰ ਚੱਕਰ

ਤੇ ਅਸ਼ੋਕ ਚੱਕਰ ਆਦਿ ਦੇ ਸਨਮਾਨ ਪਾਉਣ ਵਾਲੇ- ਸਭ ਤੋਂ ਵੱਧ ਸਿੱਖ ਹੀ ਹਨ। ਇਸ ਤੋਂ ਇਲਾਵਾ ਇਹ ਗੱਲ ਹੋਰ ਵੀ ਫ਼ਖਰ ਯੋਗ ਹੈ ਕਿ ਇਨ੍ਹਾਂ ਲੜਾਈਆਂ ਸਮੇਂ ਪੰਜਾਬ ਦੀ ਸਾਧਾਰਣ ਪੇਂਡੂ ਜਨਤਾ ਨੇ ਵੀ ਭਾਰੀ ਹਿੱਸਾ ਪਾਇਆ। ਸੈਂਕੜੇ ਸਿਵਲੀਅਨ ਡਰਾਇਵਰਾਂ ਜਾਨਾਂ ਹੂਲਕੇ ਫੌਜੀਆਂ ਨੂੰ ਸਾਮਾਨ ਪਹੁੰਚਾਇਆ 'ਤੇ ਪੇਂਡੂ ਲੋਕਾਂ ਸਰਹੱਦ ਤੇ ਲੜਨ ਵਾਲੇ ਯੋਧਿਆਂ ਨੂੰ ਤਰ੍ਹਾਂ ਤਰ੍ਹਾਂ ਦਾ ਤਾਜ਼ਾ ਖਾਣਾ ਬਣਾ ਤ੍ਰਿਪਤਾਇਆ। ਇਹ ਸਿੱਖ ਹੀ ਸਨ ਜਿਨ੍ਹਾਂ ਇਸ ਤਰ੍ਹਾਂ ਦੀਆਂ ਦਲੇਰੀਆਂ ਤੇ ਕੁਰਬਾਨੀਆਂ ਕਰਕੇ ਪਾਕਿਸਤਾਨੀ ਫੌਜਾਂ ਨੂੰ ਮਾਰ ਭਜਾਇਆ ਤੇ ਦੇਸ਼ ਦੀ ਸਰਹੱਦ ਨੂੰ ਬਚਾਇਆ, ਪਰ ਦਿੱਲੀ ਬੈਠੀ ਬਾਣੀਆਂ ਸਰਕਾਰ ਨੇ ਇਸ ਦਾ ਕੌਡੀ ਮੁੱਲ ਨਾ ਪਾਇਆ ਸਗੋਂ ਪੰਜਾਬ ਦੇ ਵਿਕਾਸ ਸਮੇਂ ਹਰ ਵੇਲੇ ਅੜਿੱਕਾ ਡਾਹਿਆ :

'ਫਿਰ ਭੀ ਹਮ ਸੇ ਯਿਹ ਗਿਲਾ ਹੈ ਹਮ ਵਫਾਦਾਰ ਨਹੀਂ,
ਹਮ ਵਫਾਦਾਰ ਨਹੀਂ ਤੋ ਤੂ ਭੀ ਤੋ ਦਿਲਦਾਰ ਨਹੀਂ।'

ਸਿੱਖਾਂ ਦੀ ਇਸ ਦੇਸ਼ ਸੇਵਾ ਤੇ ਗੌਰਵ ਨੂੰ ਸ੍ਰੀ ਲਾਲ ਬਹਾਦਰ ਸ਼ਾਸਤ੍ਰੀ ਜੀ ਨੇ ਕੁਝ ਕੁਝ ਮਹਿਸੂਸ ਕੀਤਾ, ਪਰ ਉਸ ਭਲੇ ਪੁਰਸ਼ ਦੀ ਉਮਰ ਨੇ ਵਫਾ ਨਾ ਕੀਤੀ। ਆਖਿਰ ਇੰਦਰਾ ਗਾਂਧੀ ਦਾ ਜ਼ਮਾਨਾ ਆ ਗਿਆ ਜਿਸ ਵਿਚ 'ਤ੍ਰਿਯਾ ਹਠ' ਦੇ ਨਾਲ-ਨਾਲ 'ਰਾਜ ਹਠ' ਵੀ ਸ਼ਾਮਲ ਹੋ ਗਿਆ। ਉਸ ਮੂੰਹਜੋਰ ਜੋਰੂ ਨੇ ਦੋ ਵੱਡੀਆਂ ਭੁੱਲਾਂ ਕੀਤੀਆਂ, ਪਹਿਲੀ ਇਹ ਅਕਾਲੀਆਂ ਦੇ ਵਰ੍ਹਿਆਂ-ਬੱਧੀ ਸ਼ਾਂਤਮਈ ਸਤਿਆਗ੍ਰਹਾਂ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਨਾ ਹੀ ਕੋਈ ਲੋਕ-ਮੰਗ ਪ੍ਰਵਾਣ ਕੀਤੀ। ਗੁੱਸਾ ਵਧਦਾ ਗਿਆ, ਬੇਚੈਨੀ ਫੈਲ ਗਈ, ਸਾਰਾ ਦੇਸ਼ ਤਾਨਾਸ਼ਾਹੀ ਦਾ ਸ਼ਿਕਾਰ ਹੋ ਗਿਆ। ਆਖਰ ਇੰਦਰਾ ਨੇ ਗੱਦੀ ਕਾਇਮ ਰੱਖਣ ਲਈ ਐਮਰਜੈਂਸੀ (1975-77) ਲਾ ਦਿੱਤੀ ਜਿਸਦਾ ਵਿਰੋਧ ਕਰਦਿਆਂ ਇਕੱਲੇ ਸ਼੍ਰੋਮਣੀ ਅਕਾਲੀ ਦਲ ਨੇ 42 ਹਜਾਰ ਸਿੱਖ ਕੈਦ ਕਰਵਾਏ, ਪਰ ਸਤਿਗ੍ਰਹਿ ਨਾ ਛੱਡਿਆ ਜਦੋਂ ਕਿ ਹਿੰਦ ਭਰ ਵਿਚ ਕੋਈ ਪਾਰਟੀ ਅਜਿਹਾ ਨਾ ਕਰ ਸਕੀ। ਇੰਦਰਾ ਹੋਰ ਵਧੇਰੇ ਅਕਾਲੀਆਂ ਵਿਰੁੱਧ ਹੁੰਦੀ ਗਈ। **ਸੱਚ ਪੁੱਛੋ, ਨੀਲਾਤਾਰਾ ਘੱਲੂਘਾਰਾ ਨੀਲੀ ਪਗੜੀ ਵਾਲੇ ਅਕਾਲੀਆਂ ਨੂੰ ਮਾਰ ਮੁਕਾਉਣ ਦਾ ਕਾਰਾ ਸੀ ਕਿਉਂਕਿ ਇਹੋ ਪੰਜਾਬ ਦੇ ਹੱਕਾਂ ਲਈ ਲੜਨ ਵਾਲੇ ਮੂਰੈਲੀ ਸੰਗ੍ਰਾਮੀਏ ਸਨ।** ਏਸ਼ਿਆਈ ਖੇਡਾਂ ਸਮੇਂ ਹਰ ਸਿੱਖ ਦੀ ਪੱਗ ਲਾਹੀ ਗਈ, ਇਹ ਬਲਦੀ ਉਤੇ ਤੇਲ ਪਾਉਣ ਵਾਲੀ ਗਲ ਸੀ। ਲੋਕਤੰਤ੍ਰੀ ਰਾਜ ਵਿਚ ਲੋਕਾਂ ਦੀਆਂ ਉਮੰਗਾਂ ਤੇ ਮੰਗਾਂ ਨੂੰ ਠੁਕਰਾਉਣਾ ਕੋਈ ਨਿਆਇ-ਸੰਗਤ ਗੱਲ ਨਹੀਂ, ਆਖਰ ਇਸ ਦਾ ਪ੍ਰਤਿਕਰਮ ਵੀ ਹੁੰਦਾ ਹੈ।

ਦੂਜੀ ਭੁੱਲ, ਇੰਦਰਾ ਗਾਂਧੀ ਤੋਂ ਇਹ ਹੋਈ ਕਿ ਕੌਮਾਂਤਰੀ ਨੇਤਾ ਬਣਨ ਦੇ ਜੋਸ਼ ਵਿਚ ਤੇ ਤਾਕਤ ਦੀ ਹੈਂਕੜ ਵਿਚ ਆ ਕੇ ਭਾਰਤ ਦਾ ਅਰਬਾਂ ਰੁਪਇਆ ਲਾ ਕੇ ਲੱਖਾਂ ਫੌਜਾਂ ਚੜ੍ਹਾ ਕੇ (1971) ਉਸ ਗੁਆਂਢੀ ਦੇਸ਼ ਪਾਕਿਸਤਾਨ ਨੂੰ ਖੰਡਿਤ ਕਰਕੇ 'ਬੰਗਲਾ ਦੇਸ਼' ਬਣਾਇਆ। ਅਸੀਂ ਆਪਣੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਨਾਅਰਾ ਬੁਲੰਦ ਕਰਦੇ ਨਹੀਂ ਥੱਕਦੇ, ਪਰ

ਦੂਜੇ ਪਾਸੇ ਪੜੋਸੀ ਪਾਕਿਸਤਾਨ ਦੀ ਹਸਤੀ ਨੂੰ ਖੰਡਿਤ ਕਰਕੇ ਖਾਹਮਖਾਹ ਇਕ ਬਿੱਜ ਆਪਣੇ ਗੱਲ ਪਾ ਲਈ। ਪਾਕਿਸਤਾਨ ਕਮਜ਼ੋਰ ਸੀ, ਉਹ ਭਾਰਤੀ ਫੌਜਾਂ ਨਾਲ ਟਾਕਰਾ ਨਹੀਂ ਸੀ ਲੈ ਸਕਦਾ, ਪਰ ਉਸਨੇ ਬੰਗਲਾ ਦੇਸ਼ ਦਾ ਬਦਲਾ ਲੈਣ ਲਈ ਅਸੰਤੁਸ਼ਟ ਤੇ ਬੇਚੈਨ ਸਿੱਖ ਨੌਜੁਆਨਾਂ ਨੂੰ ਵਰਗਲਾਇਆ ਤੇ ਜਿਵੇਂ ਕਿਵੇਂ ਇਮਦਾਦ ਦੇਣ ਦਾ ਧੰਦਾ ਰਚਾਇਆ, ਜਿਸ ਵਿਚ ਚੀਨ ਵੀ ਸ਼ਾਮਲ ਹੋ ਗਿਆ। ਇਸ ਤਰ੍ਹਾਂ ਪੰਜਾਬ ਵਿਚ ਬਦਅਮਨੀ ਤੇ ਹਿੰਸਕ ਗੜਬੜ ਦਾ ਦੌਰ ਸ਼ੁਰੂ ਹੋਇਆ, ਜੋ ਲਗਾਤਾਰ ਪੰਜ ਸਾਲ ਤੋਂ ਚਲ ਰਿਹਾ ਹੈ। **ਸੋ ਦਿੱਲੀ ਦੀ ਬਦਗੁਮਾਨੀ, ਪਾਕਿਸਤਾਨ ਦੀ ਕਾਰਸਤਾਨੀ ਕਾਰਨ ਪੰਜਾਬ ਦੀ ਤੇ ਖ਼ਾਸ ਕਰਕੇ ਸਿੱਖਾਂ ਦੀ ਜੋ ਹਾਨੀ ਹੋਈ,** ਉਹ ਬੇਹਿਸਾਬ ਹੈ। ਉਨ੍ਹਾਂ ਨੂੰ ਅਤਿਵਾਦੀ ਤੇ ਵੱਖਵਾਦੀ ਕਹਿਕੇ ਥਾਂ-ਥਾਂ ਭੰਡਿਆ ਗਿਆ।

ਇਸ ਤਰ੍ਹਾਂ ਅਤਿਵਾਦ ਦੇ ਥੋਹਰ ਨੂੰ ਪਾਲਿਆ ਗਿਆ। ਅਤਿਵਾਦ ਗ਼ੈਰ-ਮੁਹਜ਼ਬ ਮੁਲਕਾਂ ਦਾ ਖਾਸਾ ਹੈ ਜਿਸ ਨੂੰ ਸਾਮਰਾਜ ਥਾਪੜਾ ਦੇਕੇ ਉਠਾਉਂਦਾ, ਮੁੰਡੀਹਰ ਨੂੰ ਮੂਰਖ ਬਣਾਉਂਦਾ ਹੈ ਤੇ ਰਾਜ ਦਾ ਝਾਂਸਾ ਦੇ ਕੇ ਅੱਗੇ ਲਾਉਂਦਾ ਅਤੇ ਮੁਹੱਜ਼ਬ ਲੋਕਾਂ ਦੇ ਲਹੂ ਨਾਉਂਦਾ ਹੈ। ਸਿੱਖ ਧਰਮ ਤੇ ਇਤਿਹਾਸ ਦੀਆਂ ਰਵਾਇਤਾਂ ਇਸਦੀ ਉਕਾ ਹੀ ਹਾਮੀ ਨਹੀਂ ਭਰਦੀਆਂ, ਪਰ ਦੂਜੇ ਪਾਸੇ ਹਿੰਦ ਸਰਕਾਰ ਦੇ ਕੰਨ ਤੇ ਜੂੰ ਤਕ ਨਹੀਂ ਸਰਕੀ ਕਿ ਉਹ ਪੰਜਾਬ ਦੀਆਂ ਵਾਜ਼ਬ ਮੰਗਾਂ ਦੀ ਪੂਰਤੀ ਦਾ ਇਕ ਪਾਸੜ ਹੀ ਐਲਾਨ ਕਰ ਦੇਵੇ ਤਾਂਕਿ ਕੁਦਰਤ ਦੀ ਕਾਲਖ ਘਟੇ ਤੇ ਜਨਸਾਧਾਰਣ ਸੁੱਖ ਦਾ ਸਾਹ ਲਵੇ।

ਦੂਜੇ ਪਾਸੇ ਪਾਕਿਸਤਾਨ ਜੋ ਇਸ ਸਾਰੀ ਸ਼ਰਾਰਤ ਦੀ ਜੜ੍ਹ ਹੈ, ਉਸ ਪਾਕਿਸਤਾਨ ਸਰਕਾਰ ਨਾਲ ਹਿੰਦ ਸਰਕਾਰ ਨੇ ਕਿਸੇ ਤਰ੍ਹਾਂ ਦੇ ਰਾਜਨੀਤਕ, ਵਪਾਰਕ ਜਾਂ ਸਫ਼ਾਰਤੀ ਤੱਲੁਕਾਤ ਤੋੜਨ ਵਲ ਕੋਈ ਕਦਮ ਨਹੀਂ ਉਠਾਇਆ ਕਿਉਂਕਿ ਬਾਣੀਆਂ ਸਰਕਾਰ ਨੂੰ ਕੇਵਲ ਵਣਜ ਵਪਾਰ ਪਿਆਰਾ ਹੈ। ਲੋਕ ਭਾਵੇਂ ਢੱਠੇ ਖੂਹ ਵਿਚ ਪੈਣ, ਇਨ੍ਹਾਂ ਦਾ ਸੌਦਾ ਵਿਕਣਾ ਚਾਹੀਦਾ ਹੈ। ਇਨ੍ਹਾਂ ਦਾ ਕੌਮੀ ਨਾਅਰਾ ਇਹ ਹੈ:- 'ਬੀ-ਇੰਡੀਅਨ, ਬਾਈ ਇੰਡੀਅਨ' ਅਰਥਾਤ 'ਸਾਡਾ ਮਾਲ ਖਰੀਦੋ ਤੇ (ਸੱਚੇ) ਹਿੰਦੁਸਤਾਨੀ ਬਣੋ।'

ਇਸ ਤਰ੍ਹਾਂ ਦੀ ਸੁਆਰਥੀ ਸੁਦਾਗਰ ਸਰਕਾਰ ਸਾਧਾਰਣ ਜਨਤਾ ਦੇ ਲਾਭ ਲਈ ਆਸਾਧਾਰਣ ਕਾਰਨਾਮੇ ਕੀ ਕਰ ਸਕਦੀ ਹੈ। ਅੱਜ ਬੁਲ੍ਹੇਸ਼ਾਹ ਦਾ ਕਥਨ ਫਿਰ ਦੁਹਰਾਇਆ ਜਾ ਰਿਹਾ ਹੈ : '**ਦਰ ਖੁਲ੍ਹਾ ਹਸ਼ਰਜ ਅਜਬ ਦਾ, ਬੁਰਾ ਹਾਲ ਹੋਯਾ ਪੰਜਾਬ ਦਾ।**' ਦਰਜਨਾਂ ਪੰਜਾਬੀਆਂ ਦੀ ਜਾਨ ਦਾ ਘਾਣ ਰੋਜ਼ਾਨਾ ਹੁੰਦਾ ਹੈ। ਹਿੰਦੂ ਵੀ ਮਰਦੇ ਹਨ ਤੇ ਸਿੱਖ ਵੀ ਮਾਰੇ ਜਾਂਦੇ ਹਨ, ਪਰ ਦਿੱਲੀ ਸਰਕਾਰ 'ਤੇ ਕੋਈ ਅਸਰ ਨਹੀਂ। ਬਿਆਨਬਾਜ਼ੀ ਜ਼ਰੂਰ ਸਤਿ ਤੇ ਅਹਿੰਸਾ ਦੀ ਹੈ, ਪਰ ਸਿਆਸੀ ਪਲਥੇਬਾਜ਼ੀ ਕੂੜ ਕੁਸੱਤ ਤੇ ਕੁਹਜ-ਭਰੀ ਹੈ। ਸਰਕਾਰ ਦਾ ਫਰਜ਼ ਲੋਕਾਂ ਦੇ ਜਾਨ ਮਾਲ ਦੀ ਰਾਖੀ ਹੈ, ਪਰ ਇਸ ਵਿਚ ਉਹ ਬੁਰੀ ਤਰ੍ਹਾਂ ਫੇਲ੍ਹ ਹੈ ਤੇ ਸਗੋਂ ਕਿਤਨੇ ਬੇਸ਼ੁਮਾਰ ਗੱਭਰੂਆਂ ਦੀਆਂ ਗਰਦਨਾਂ ਮਰੋੜਨ ਤੇ ਮਾਲ ਬਟੋਰਨ ਵਿਚ ਲੱਗੀ

ਹੋਈ ਹੈ।

ਬਾਣੀਆ ਤੇਰੀ ਬਾਣ, ਦੇਖੀ ਸੁਣੀ ਨ ਕਹੂੰ ਕਬੀ
ਪਾਨੀ ਪੀਵਹਿ ਛਾਣ, ਅਣਛਾਣੋ ਲੋਹੂ ਪੀਵਹਿਂ।

ਪੁਰਾਣਾ ਪੰਜਾਬੀ ਅਖਾਣ ਸੱਚ ਹੋ ਰਿਹਾ ਹੈ :

'ਜੱਟ ਮੁਹੱਸ਼ਲ ਬਾਮ੍ਹਣ ਸ਼ਾਹ : ਬਾਣੀਆ ਹਾਕਮ, ਕਹਿਰ ਖੁਦਾ।'

ਪੰਜਾਬ ਦੀ ਗੱਥੀ ਸੁਲਝਾਉਣ ਦਾ ਕੋਈ ਮਨਸ਼ਾ ਨਹੀਂ ਲਗਦਾ, ਸਗੋਂ ਕਿਸੇ ਖਾਸ ਉਦੇਸ਼ ਨਾਲ ਇਸਨੂੰ ਹੋਰ ਉਲਝਾਇਆ ਜਾ ਰਿਹਾ ਹੈ। ਸਰਕਾਰ ਦੇ ਦਿਮਾਗ ਵਿਚ ਇਹ ਨਹੀਂ ਆਉਂਦਾ ਕਿ ਇਸ ਸਰਹੱਦੀ ਸੂਬੇ ਨੂੰ ਇਤਨਾ ਖੁਆਰ ਕਰਕੇ ਦੇਸ਼ ਦਾ ਬਚਾਉ ਕਿਵੇਂ ਸੰਭਵ ਹੈ। ਇਸੇ ਉਦਾਸੀਨਤਾ ਵਿਚ ਕਿਸੇ ਸ਼ਾਯਰ ਨੇ ਕਹਿ ਛੱਡਿਆ ਹੈ :

'ਬਹੁਤ ਮੁਸ਼ਕਲ ਹੈ ਕਿ ਪੰਜਾਬ ਕੀ ਗੱਥੀ ਸੁਲਝੇ
ਅਹਿਲੇ ਸਯਾਸਤ ਨੇ ਬੜੀ ਸੋਚ ਕੇ ਉਲਝਾਈ ਹੈ।'

ਇਨ੍ਹਾਂ ਪੰਜਾਂ ਸਾਲਾਂ ਵਿਚ 20 ਹਜ਼ਾਰ ਸਿੱਖ ਜਾਨ ਤੋਂ ਹੱਥ ਧੋ ਬੈਠਾ ਹੈ, 10 ਹਜ਼ਾਰ ਬੰਦੀਖਾਨਿਆਂ ਵਿਚ ਕੈਦ ਜਾਂ ਘਰੋਂ ਬੇਘਰ ਹੋ ਕੇ ਭਟਕ ਰਿਹਾ ਹੈ। 25-30 ਕਰੋੜ ਰੁਪਏ ਦੇ ਬਿਦੇਸ਼ੀ ਹਥਿਆਰ ਭੰਗ ਦੇ ਭਾੜੇ ਗੁਆਏ ਗਏ ਹਨ। ਧਰਮਸਥਾਨਾਂ ਦੀ ਬੇਅਦਬੀ ਤੇ ਸਿੱਖਾਂ ਦੀ ਆਨ ਸ਼ਾਨ ਨੂੰ ਜੋ ਧੱਬਾ ਲਗਾ ਹੈ, ਉਹ ਕਹਿਣ ਤੋਂ ਬਾਹਰ ਹੈ। ਇਹ ਸਭ ਕੁੱਝ ਸਰਕਾਰ ਦੇ ਖਾਤੇ ਪਾ ਕੇ ਗੱਲ ਮੁਕ ਨਹੀਂ ਜਾਂਦੀ, ਆਪਣੇ ਗਿਰੇਬਾਨ ਵਿਚ ਵੀ ਝਾਤ ਪਾਉਣ ਦੀ ਲੋੜ ਹੈ :

'ਤਾਰੀਖ ਕੀ ਗਹਿਰਾਈਓਂ ਨੇ, ਵੁਹ ਸਫਾ ਭੀ ਦੇਖਾ ਹੈ
ਲਮਹੋਂ ਨੇ ਖਤਾ ਕੀ ਹੈ, ਸਦੀਓਂ ਨੇ ਸਜ਼ਾ ਪਾਈ ਹੈ।'

ਮੁੱਖ ਧਾਰਾ :

ਸਿੱਖਾਂ ਵਿਚ ਨਰਮ ਖਿਆਲੀਏ ਨੇਤਾਵਾਂ ਦਾ ਵਜੂਦ ਤੇ ਵਿਸ਼ਵਾਸ ਸਰਕਾਰ ਨੇ ਅਹਿਦਨਾਮੇ ਭੰਗ ਕਰ ਕਰਕੇ ਖਤਮ ਕਰ ਦਿੱਤਾ ਹੈ ਤੇ ਗਰਮ ਖਿਆਲੀਏ ਨੌਜੁਆਨਾਂ ਨੂੰ ਦੋ ਗੱਲਾਂ ਬਾਰ-ਬਾਰ ਕਹੀਆਂ ਜਾ ਰਹੀਆਂ ਹਨ- ਪਹਿਲੀ ਇਹ ਕਿ ਤੁਸੀਂ ਮੁਖ ਧਾਰਾ ਵਿਚ ਸ਼ਾਮਲ ਹੋ ਜਾਵੋ, ਦੂਜੇ ਸੰਵਿਧਾਨ ਦੇ ਚੌਖਟੇ ਵਿਚ ਰਹਿ ਕੇ ਗੱਲ ਕਰੋ। ਕੁਝ ਸ਼ਾਂਤੀ-ਪਸੰਦ ਸਿਆਣੇ ਵੀ ਇਸ ਰਾਇ ਦੇ ਹਨ ਕਿ ਸਿੱਖਾਂ ਨੂੰ ਮੇਨ ਸਟਰੀਮ ਅਰਥਾਤ ਹਿੰਦੂ ਰਾਸ਼ਟਰ ਦੀ ਧਾਰਾ ਨਾਲ ਚਲਣਾ ਯੋਗ ਹੈ, ਫਿਰ ਕੋਈ ਮਸਲਾ ਨਹੀਂ ਰਹੇਗਾ ਪਰ ਇਹ ਕੰਮ ਔਖਾ ਜਾਪਦਾ ਹੈ ਕਿਉਂਕਿ ਸਿੱਖ ਮਨਤਾਵਾਂ ਤੇ ਹਿੰਦੂ ਮਾਨਤਾਵਾਂ ਵਿਚ ਕੁਝ ਬੁਨਿਆਦੀ ਮਤਭੇਦ ਹਨ ਜਿਨ੍ਹਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਹ ਵਿਖੇਵੇਂ ਵਾਲੀ ਨਹੀਂ ਸਗੋਂ ਵਿਲੱਖਣਤਾ ਵਾਲੀ ਗੱਲ ਹੈ, ਧਾਰਮਿਕ ਆਜ਼ਾਦੀ ਦਾ ਸਵਾਲ ਹੈ। ਇਸ ਨੂੰ ਨਿਰਪੱਖਤਾ ਨਾਲ

ਦੇਖਣਾ ਯੋਗ ਹੈ।

ਸਿੱਖ ਹਿੰਦੁਸਤਾਨੀ ਸਮਾਜ ਦਾ ਨਰੋਆ ਅੰਗ ਹਨ, ਉਨ੍ਹਾਂ ਦੀਆਂ ਬੀਰ ਕਰਣੀਆਂ ਨੇ 18ਵੀਂ ਸਦੀ ਵਿਚ ਪੰਜਾਬ ਨੂੰ ਅਫ਼ਗਾਨਿਸਤਾਨ ਦਾ ਅੰਗ ਹੋਣੋਂ ਬਚਾਇਆ ਸੀ ਤੇ ਵੀਹਵੀਂ ਸਦੀ ਵਿਚ ਪੰਜਾਬ ਨੂੰ ਪਾਕਿਸਤਾਨੀ ਮਾਰ ਤੋਂ ਬਚਾ ਕੇ ਇਨ੍ਹਾਂ ਇਧਰ ਰੱਖਿਆ ਹੈ, ਗੰਗਾ ਵਾਲੇ ਤਾਂ ਜਮਨਾ ਤਕ ਦੇਣ ਨੂੰ ਤਿਆਰ ਸਨ। ਹੁਣ ਵੀ ਅਸੀਂ ਦੇਸ਼ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਨੂੰ ਤਿਆਰ ਹਾਂ, ਪਰ ਆਪਣੀ ਆਜ਼ਾਦ ਧਾਰਮਿਕ ਹਸਤੀ ਨੂੰ ਕੁਰਬਾਨ ਨਹੀਂ ਕਰ ਸਕਦੇ। ਇਹ ਧਾਰਮਿਕ ਹਸਤੀ ਇਕੋ ਇਕ ਅਕਾਲੀ ਵਿਸ਼ਵਾਸ ਤੇ ਖ਼ਾਸ ਕਿਸਮ ਦੀ ਆਚਰਣਕ ਰਹਿਰਾਸ (Code of conduct) ਤੇ ਆਧਾਰਿਤ ਹੈ, ਇਸ ਨੂੰ ਬਦਲਿਆ ਨਹੀਂ ਜਾ ਸਕਦਾ।

(1) ਅਸੀਂ ਇਕ ਅਕਾਲ ਦੇ ਪੁਜਾਰੀ ਹਾਂ, ਤੇਤੀ ਕਰੋੜ ਦੇਵੀ ਦੇਵਤਿਆਂ ਨੂੰ ਨਹੀਂ ਧਿਆ ਸਕਦੇ ਤੇ ਨਾ ਹੀ ਗੁਪਤ ਅੰਗਾਂ ਦੀ ਪੂਜਾ ਸਾਡੇ ਸਭਿਆਚਾਰ ਨੂੰ ਪ੍ਰਵਾਨ ਹੈ।
(2) ਅਸੀਂ ਰਾਜੇ ਰਾਣੀਆਂ ਨੂੰ ਰੂਹਾਨੀ ਪੁਰਖ ਜਾਂ ਅਵਤਾਰ ਮੰਨਕੇ ਨਹੀਂ ਪੂਜ ਸਕਦੇ।
(3) ਅਸੀਂ ਮੂਰਤੀ ਪੂਜਾ ਜਾਂ ਬੁੱਤ ਪ੍ਰਸਤੀ ਵਿਚ ਯਕੀਨ ਨਹੀਂ ਰਖਦੇ।
(4) ਅਸੀਂ 'ਚੂੰਕਿ ਮਾਨਸ ਕੀ ਜਾਤਿ ਇਕ' ਦੇ ਕਾਇਲ ਹਾਂ ਤੇ ਜਾਤ-ਪਾਤ ਦੀ ਵੰਡ ਨਹੀਂ ਮੰਨਦੇ, ਇਸ ਕਰਕੇ ਵਰਣ ਆਸ਼੍ਰਮ ਮਰਯਾਦਾ ਵੀ ਨਹੀਂ ਨਿਭਾ ਸਕਦੇ।
(5) ਅਸੀਂ ਭਰਮ ਵਹਿਮ, ਮੰਤ੍ਰ, ਜੰਤ੍ਰ, ਤੰਤ੍ਰ, ਤੇ ਵਾਧੂ ਕਰਮਕਾਂਡ ਵਿਚ ਵਿਸ਼ਵਾਸ ਨਹੀਂ ਰਖਦੇ।
(6) ਅਸੀਂ ਵੇਦ ਤੇ ਬ੍ਰਾਹਮਣ ਦੀ ਸਰਵਚੱਤਾ ਪ੍ਰਵਾਨ ਨਹੀਂ ਕਰਦੇ।
(7) ਅਸੀਂ ਸਮਾਜਕ ਕਰਮ ਯੋਗ ਦੇ ਹਾਮੀ ਕਿਰਤੀ ਲੋਕ ਹਾਂ, ਪਲਾਇਨਵਾਦੀ ਭਗੌੜੇ ਨਹੀਂ।
(8) ਕਿਰਤ ਕਰਕੇ ਵੰਡ ਛੱਕਣਾ ਸਾਡਾ ਜੀਵਨ ਸਿਧਾਂਤ ਹੈ, ਮੰਗ ਖਾਣਾ ਵਿਵਰਜਤ ਹੈ।
(9) ਅਸੀਂ ਦੁਨੀਆਂਦਾਰ ਹੁੰਦੇ ਦੀਨਦਾਰ ਵੀ ਹਾਂ, ਪਰ ਨਾਸਤਿਕ ਨਹੀਂ ਹੋ ਸਕਦੇ।
(10) ਅਸੀਂ ਰਿਸ਼ੀਆਂ ਗੁਰੂਆਂ ਦੇ ਪੈਰੋਕਾਰ ਕੇਸਾਂ ਦੀ ਬੇਅਦਬੀ ਨਹੀਂ ਕਰ ਸਕਦੇ।
(11) ਅਸੀਂ ਦਸਤਾਰਧਾਰੀ ਹਾਂ, ਕੇਸਕੀ ਲਾਹਕੇ ਟੋਪ ਨਹੀਂ ਪਾ ਸਕਦੇ।
(12) ਅਸੀਂ ਸਿਗਰਟਨੋਸ਼ੀ ਨੂੰ ਬਿਖਿਆਪਾਨ ਮੰਨਕੇ ਤਿਆਗਿਆ ਹੋਇਆ ਹੈ, ਜਦੋਂ ਕਿ ਅਜੋਕਾ ਸੰਸਾਰ ਫ਼ੈਸ਼ਨ ਮੰਨਕੇ ਇਸ ਭੈੜੀ ਵਾਦੀ ਦਾ ਸ਼ਿਕਾਰ ਹੈ।

ਜਿੱਥੋਂ ਤੱਕ ਸੰਵਿਧਾਨ ਅਨੁਸਾਰ ਗੱਲਬਾਤ ਕਰਨ ਦਾ ਵਿਚਾਰ ਹੈ, ਇਸ ਉਤੇ ਨੌਜਵਾਨ ਇਤਬਾਰ ਨਹੀਂ ਕਰਦੇ ਕਿਉਂਕਿ ਚਾਲੀ ਸਾਲ ਵਿਚ ਇਹ ਇਤਬਾਰ ਸਰਕਾਰ ਨੇ ਖ਼ੁਦ ਗੁਆ ਲਿਆ ਹੈ। ਨਾਲੇ ਉਹ ਇਹ ਵੀ ਪੁੱਛਦੇ ਹਨ, ਸਾਨੂੰ ਜੋ ਸੰਵਿਧਾਨ ਦਾ ਉਪਦੇਸ਼ ਦਿੱਤਾ ਜਾਂਦਾ

ਹੈ, ਇਹ ਸੌ ਸਾਲਾ ਬੁੱਢੀ ਮਾਈ ਕਾਂਗਰਸ ਨੇ ਖ਼ੁਦ ਇਸ ਨੂੰ ਕਿੱਥੋਂ ਤੱਕ ਨਿਭਾਇਆ ਹੈ ? ਜਿਸ ਭਾਰਤ ਦੀ ਅਖੰਡਤਾ ਦਾ ਇਹ ਦਾਅਵਾ ਕਰਦੇ ਨਹੀਂ ਥੱਕਦੇ, ਰਾਜ ਦੀ ਹਵਸ ਵਿਚ ਖ਼ੁਦ ਇਨ੍ਹਾਂ ਉਸਦੇ ਟੋਟੇ ਟੋਟੇ ਕੀਤੇ ਤੇ ਖ਼ਾਨ ਬਾਦਸ਼ਾਹ, ਵੀਰ ਸਾਵਰਕਰ ਤੇ ਮਾਸਟਰ ਤਾਰਾ ਸਿੰਘ ਵਰਗੇ ਸੁਤੰਤਰਤਾ ਸੰਗਰਾਮੀਆਂ ਨੂੰ ਧੋਖਾ ਦਿੱਤਾ। ਇਹ ਕਹਿੰਦੇ ਸਨ ਕਿ ਸਾਡੀ ਲਾਸ਼ ਉੱਤੇ ਪਾਕਿਸਤਾਨ ਬਣੇਗਾ, ਪਰ ਭਾਰਤ ਮਾਤਾ ਦੀ ਲਾਸ਼ ਉਤੇ ਇਨ੍ਹਾਂ ਆਪਣਾ ਤਖ਼ਤ ਲਾਇਆ। ਅਸੀਂ ਪੁੱਛਦੇ ਹਾਂ :

(1) ਕੀ ਸਿੱਖਾਂ ਨਾਲ ਕੀਤੇ ਵਾਇਦਿਆਂ ਤੋਂ ਮੁਕਰਨਾ ਸੰਵਿਧਾਨ ਅਨੁਸਾਰ ਹੈ ?

(2) ਕੀ ਕਿਸੇ ਉੱਚੇ ਧਰਮਸਥਾਨ ਨੂੰ ਗਜ਼ਨਵੀ ਤਰੀਕੇ ਨਾਲ ਢਾਹੁਣਾ ਸੰਵਿਧਾਨ ਅਨੁਸਾਰ ਹੈ ?

(3) ਕੀ ਸਿੱਖ ਰੈਫਰੈਂਸ ਲਾਇਬਰੇਰੀਆਂ ਵਰਗੇ ਦੇਸ਼ ਦੇ ਕਲਾ ਤੇ ਗਿਆਨ ਭੰਡਾਰ ਨੂੰ ਅੱਗ ਲਾਉਣਾ ਸੰਵਿਧਾਨ ਮੁਤਾਬਿਕ ਹੈ ? ਇਸ ਵਿਚ ਢਾਈ ਹਜ਼ਾਰ ਲਿਖਤੀ ਬੀੜਾਂ ਸਨ, ਪੰਜ ਸੌ ਹੋਰ ਲਿਖਤ ਗਰੰਥ। ਇਸ ਤੋਂ ਬਿਨਾਂ 18 ਜਿਲਦਾਂ ਵਿਚ ਕਈ ਇਤਿਹਾਸਕ ਦਸਤਾਵੇਜ਼ ਸੰਭਾਲੇ ਹੋਏ ਸਨ, ਜਿਵੇਂ ਕਿ 65 ਹੁਕਮਨਾਮਿਆਂ ਦੀਆਂ ਨਕਲਾਂ, 29 ਗੁਰੂ ਦੇ ਲਿਖਤੀ ਨੀਸ਼ਾਨਾਂ ਦੇ ਫੋਟੋ ਅਤੇ ਕਈ ਕਿਸਮ ਦੇ ਇਤਿਹਾਸਕ ਚਿੱਤਰ ਆਦਿ।

(4) ਕੀ ਕਿਸੇ ਧਰਮਸਥਾਨ ਉੱਤੇ ਚੋਰੀ ਚੋਰੀ ਸੈਂਕੜੇ ਹਥਿਆਰ ਪਹੁੰਚਾਉਣਾ ਤੇ ਫਿਰ ਫ਼ੌਜੀ ਹਮਲੇ ਦੀ ਕਮੀਨੀ ਸਾਜਿਸ਼ ਰਚਾਉਣ ਸੰਵਿਧਾਨ ਅਨੁਸਾਰ ਹੈ ?
ਹੁਣ ਕੀ 'ਕਾਲੀ ਗਰਜ' ਦੀ ਕਾਰਵਾਈ ਵੀ ਦਸਦੀ ਹੈ, ਇਸ ਵਿਚ ਕਈ ਕਾਲੀਆਂ ਭੇਡਾਂ ਸਨ, ਕੁਝ ਪਾਕਿਸਤਾਨੀ ਗੁਮਾਸ਼ਤੇ ਸਨ ਤੇ ਕੁਝ ਦਿੱਲੀ ਦਰਬਾਰ ਦੇ ਦਲਾਲ, ਭੰਡੀ ਸਾਰੀ ਸਿੱਖ ਕੌਮ ਦੀ ਕੀਤੀ ਜਾ ਰਹੀ ਹੈ।

(5) ਕੀ ਦਿੱਲੀ, ਕਾਨਪੁਰ, ਬੋਕਾਰੋ ਆਦਿ ਵਿਚ ਬੇਗੁਨਾਹ ਸਿੱਖਾਂ ਦਾ ਕਤਲੇਆਮ ਸੰਵਿਧਾਨ ਮੁਤਾਬਿਕ ਹੈ ?

(6) ਕੀ ਐਸੇ ਹਤਿਆਰਿਆਂ ਨੂੰ ਸਜ਼ਾ ਨਾ ਦੇਣਾ ਸੰਵਿਧਾਨ ਮੁਤਾਬਿਕ ਹੈ, ਜਦੋਂ ਕਿ ਦੋ ਗ਼ੈਰ ਸਿੱਖ ਜਮਹੂਰੀ ਜਥੇਬੰਦੀਆਂ ਦੀ ਰਿਪੋਰਟ ਦੇ ਅੰਤ ਵਿਚ ਇਨ੍ਹਾਂ ਦੋ ਸੌ ਦੋਸ਼ੀਆਂ ਦੇ ਨਾਂ ਤੇ ਪਤੇ ਦਿੱਤੇ ਹੋਏ ਹਨ। ਫਿਰ ਹਿੰਦ ਦੇ ਚੀਫ਼ ਜਸਟਿਸ ਐਸ. ਐਮ. ਸੀਕਰੀ ਦੀ ਪ੍ਰਧਾਨਗੀ ਹੇਠ ਬਣੇ ਕਮਿਸ਼ਨ ਦੀ ਰਿਪੋਰਟ ਵੀ ਇਨ੍ਹਾਂ ਦੋਸ਼ੀਆਂ ਦੀ ਪੁਸ਼ਟੀ ਕਰਦੀ ਹੈ।

(7) ਕੀ ਅਜੇਹੇ ਦੋਸ਼ੀਆਂ ਨੂੰ ਦੇਸ਼ ਦੇ ਮੰਤਰੀ ਮੰਡਲ ਵਿਚ ਸ਼ਾਮਲ ਕਰਨਾ ਸੰਵਿਧਾਨ-ਸੰਗਤ ਹੈ।

(8) ਕਿਸੇ ਸਮੇਂ ਹਿੰਦੀ ਧਨਪਤਿ ਸੇਠਾਂ ਦਾ 3600 ਕਰੋੜ ਰੁਪਇਆ ਯੂਰਪ ਦੀਆਂ ਬੈਂਕਾਂ

'ਚ ਜਮ੍ਹਾ ਹੈ, ਕੀ ਇਹ ਸਾਡੀ ਆਰਥਿਕਤਾ ਨੂੰ ਸੱਟ ਮਾਰਨ ਵਾਲੀ ਕਾਰਵਾਈ ਸੰਵਿਧਾਨ ਅਨੁਸਾਰ ਹੈ ? ਇਸਦੀ ਖੋਜ ਕਰਨਾ ਵੀ ਔਖਾ ਹੈ ਕਿਉਂਕਿ ਇਹ ਰਕਮ ਜਰੀਬਦਾਸ ਦੀ ਹੈ ਤੇ ਨਾਂ ਗਰੀਬ ਦਾਸ ਦੇ ਜਮਾ ਹੈ।

(9) ਭਾਰਤ ਦੇਸ਼ ਅਰਬਾਂ ਡਾਲਰਾਂ ਦਾ ਕਰਜਾਈ ਹੈ। ਛੇ ਹਜ਼ਾਰ ਕਰੋੜ ਡਾਲਰ ਕ੍ਰੰਟ ਅਕਾਊਂਟ ਇਸ ਸਾਲ ਦਾ ਹੀ ਕਰਜ਼ਾ ਹੈ। ਕੁਲ 26650 ਡਾਲਰ ਕਰਜ਼ਾ ਹੈ, 82267 ਕਰੋੜ ਰੁਪਏ ਦੇਸੀ ਤੇ 23000 ਕਰੋੜੇ ਰੁਪਏ ਵਿਦੇਸ਼ੀ ਕਰਜ਼ਾ। ਕੀ ਮੁਲਕ ਨੂੰ ਕਰਜ਼ਾਈ ਬਣਾਉਣਾ ਤੇ ਇਸਦੀ ਸੁਤੰਤਰਤਾ ਨੂੰ ਗਹਿਣੇ ਪਾਉਣਾ ਸੰਵਿਧਾਨ ਮੁਤਾਬਕ ਹੈ ?

(10) ਦੇਸ਼ ਦੀ ਸੁਰੱਖਿਆ ਲਈ ਜੋ ਸਾਜ਼ੋ-ਸਾਮਾਨ ਬਾਹਰੋਂ ਖਰੀਦਿਆ ਗਿਆ ਹੈ, ਉਸ ਵਿਚ ਕਰੋੜਾਂ ਦੀ ਰਿਸ਼ਵਤ ਲਏ ਜਾਣ ਦਾ ਚਰਚਾ ਹੈ, ਕੀ ਇਹ ਵੀ ਸੰਵਿਧਾਨ ਅਨੁਸਾਰ ਹੈ ?

(11) ਲੋਕ ਸਭਾ ਦੀਆਂ ਚੋਣਾਂ ਲਈ ਕਰੋੜਾਂ ਰੁਪਏ ਖਰਚ ਕਰਨ ਵਾਲੀ ਹਾਕਮ ਜਮਾਤ ਇਹ ਕਾਲਾ ਧਨ ਕਿੱਥੋਂ ਤੇ ਕਿਵੇਂ ਲਿਆਉਂਦੀ ਹੈ ? ਕੀ ਇਹ ਵਿਧੀ ਸੰਵਿਧਾਨਕ ਹੈ ?

(12) ਕੀ ਕਿਸੇ ਸੂਬੇ ਦੀ ਰਾਜਧਾਨੀ ਵੀਹ ਸਾਲ ਤੋਂ ਹਥਿਆਈ ਰੱਖਣਾ ਸੰਵਿਧਾਨ ਅਨੁਸਾਰ ਹੈ, ਕੀ ਪੰਜਾਬ ਬਿਨਾਂ ਕਿਸੇ ਹੋਰ ਪ੍ਰਾਂਤ ਵੀ ਰਾਜਧਾਨੀ ਵੀ ਅਜਿਹੇ ਧੱਕੇ ਦਾ ਸ਼ਿਕਾਰ ਹੈ ?

(13) ਕੀ ਕਿਸੇ ਸੂਬੇ ਦੇ ਦਰਿਆਈ ਪਾਣੀ ਨੂੰ ਧੱਕੇ ਨਾਲ ਦੂਜਿਆਂ ਨੂੰ ਦੇ ਕੇ ਵੋਟਾਂ ਬਟੋਰਨਾ ਸੰਵਿਧਾਨ ਅਨੁਸਾਰ ਹੈ। ਜਦੋਂ ਕਿ ਰਿਪੇਰੀਅਨ ਸਟੇਟ ਹੀ ਦਰਿਆਇ ਪਾਣੀ ਦੀ ਮਾਲਕ ਹੁੰਦੀ ਹੈ। ਹੁਣ ਰਾਵੀ ਬਿਆਸ ਦਾ ਪਾਣੀ 25 ਫ਼ੀਸਦੀ ਪੰਜਾਬ ਨੂੰ ਅਤੇ ਬਾਕੀ 75 ਫ਼ੀਸਦੀ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਦਿੱਤਾ ਜਾਂਦਾ ਹੈ, ਜਿਸਦੀ ਸਾਲਾਨਾ ਕੀਮਤ 2500 ਕਰੋੜ ਰੁਪਏ ਬਣਦੀ ਹੈ, ਪਰ ਸਾਨੂੰ ਧੇਲਾ ਨਹੀਂ ਮਿਲਦਾ। ਚਲੋ, ਜੇ ਵਾਧੂ ਪਾਣੀ ਹੋਵੇ ਤਾਂ ਦਿੱਤਾ ਵੀ ਜਾ ਸਕਦਾ ਹੈ, ਜਿਵੇਂ ਕਿ ਆਸਾਮ ਮਿੱਟੀ ਦਾ ਤੇਲ ਦਿੰਦਾ ਹੈ, ਬਿਹਾਰ ਕੋਇਲਾ ਦਿੰਦਾ ਹੈ ਤੇ ਉਸਦੀ ਕੀਮਤ ਵੀ ਲੈਂਦਾ ਹੈ, ਇਸੇ ਤਰ੍ਹਾਂ ਪੰਜਾਬ ਨੂੰ ਇਸ ਦਿੱਤੇ ਪਾਣੀ ਕੀ ਕੀਮਤ ਮਿਲਣੀ ਚਾਹੀਦੀ ਹੈ, ਕੀ ਇਹ ਜਲ-ਡਾਕਾ ਸੰਵਿਧਾਨ ਅਨੁਸਾਰ ਹੈ ?

(14) ਪੰਜਾਬ ਦੇ ਪਾਣੀ ਤੋਂ ਪੈਦਾ ਹੋਈ ਬਿਜਲੀ ਵੀ ਅੱਗੇ ਮਨ ਮੰਨਿਆ ਭਾਅ ਲਾ ਕੇ ਮੁਫ਼ਤੋ ਮੁਫ਼ਤ ਦਿੱਤੀ ਜਾ ਰਹੀ ਹੈ। ਦਿੱਲੀ ਨੂੰ 25-30 ਪੈਸੇ ਫ਼ੀ ਯੂਨਿਟ ਤੇ ਸਾਨੂੰ ਰੁਪਏ ਯੂਨਿਟ। ਕੀ ਇਹ ਬਿਜਲੀਦਾਨ ਸੰਵਿਧਾਨ ਅਨੁਸਾਰ ਹੈ ?

(15) ਭਾਖੜਾ ਡੈਮ ਬੋਰਡ ਦਾ ਪ੍ਰਬੰਧ ਸਿੱਧਾ ਕੇਂਦਰ ਸਰਕਾਰ ਪਾਸ ਹੈ, ਕੀ ਕਿਸੇ ਹੋਰ ਰਾਜ

ਦਾ ਡੈਮ ਵੀ ਕੇਂਦਰੀ ਸਰਕਾਰ ਅਧੀਨ ਹੈ ? ਜੇ ਨਹੀਂ ਤਾਂ ਇਹ ਕਿਉਂ ?

(16) ਕੌਮੀ ਏਕਤਾ ਦੇ ਨਾਂ ਉੱਤੇ ਸਿੱਖ ਸਭਿਆਚਾਰ ਤੇ ਸਿੰਘ ਸਰੂਪ ਨੂੰ ਹੋਰਾਂ ਨਾਲ ਰਲਗੱਡ ਕਰਕੇ ਮਿਟਾ ਦੇਣ ਦੀ ਸਾਜਿਸ਼ ਕੀ ਸੰਵਿਧਾਨ ਦੇ ਮੂਲ ਅਧਿਕਾਰ ਦੀ ਉਲੰਘਣਾ ਨਹੀਂ ?

ਦੇਸ਼ ਭਰ ਵਿਚ ਹਿੰਦੂ ਮੁਸਲਿਮ ਫਸਾਦਾਂ ਦੀ ਵੱਧ ਰਹੀ ਗਿਣਤੀ ਇਹ ਦਸਦੀ ਹੈ ਕਿ ਘੱਟ ਗਿਣਤੀ ਕੋਈ ਵੀ ਸੁਰੱਖਿਅਤ ਨਹੀਂ। ਹਿੰਦੂ ਫ਼ਾਸੀਵਾਦ ਸਭ ਨੂੰ ਫ਼ਾਂਸੀ ਲਾਉਣ 'ਤੇ ਤੁਲਿਆ ਹੋਇਆ ਹੈ, ਆਮ ਤੌਰ 'ਤੇ ਸ਼ਕਤੀਸ਼ਾਲੀ ਸਰਕਾਰਾਂ ਦੋ ਹੀ ਤਰੀਕੇ ਵਰਤਦੀਆਂ ਹਨ - **ਔਰੰਗਜ਼ੇਬੀ ਵਿਧੀ ਤੇ ਜਲੇਬੀ ਵਿਧੀ** - ਇਨ੍ਹਾਂ ਨੂੰ ਅਸੀਂ **ਬੁੱਚੜਵਾਦ ਤੇ ਕੁੱਛੜਵਾਦ** ਵੀ ਕਹਿ ਸਕਦੇ ਹਾਂ। ਬੁੱਚੜਵਾਦੀ ਵਿਧੀ ਹੈ ਕਿ ਔਰੰਗਜ਼ੇਬ ਵਾਂਗ ਗੈਰਮਜ਼ਬ ਵਾਲਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ, ਜਿਵੇਂ ਕਿ ਕਿਸੇ ਜ਼ਮਾਨੇ ਮੁਸਲਿਮ ਬਾਦਸ਼ਾਹ ਤਾਂ ਇਹ ਤਰੀਕਾ ਆਮ ਵਰਤਦੇ ਰਹੇ। ਦੂਜੀ ਕੁੱਛੜਵਾਦੀ ਵਿਧੀ ਇਹ ਹੈ ਕਿ ਕਿਸੇ ਨੂੰ ਆਪਣੀ ਕੁੱਛੜ ਜਾਂ ਗਲਵੱਕੜੀ ਵਿਚ ਲੈ ਕੇ ਉਸਦਾ ਗਲਾ ਘੁੱਟ ਦੇਣਾ। ਬ੍ਰਾਹਮਣਾਂ ਨੇ ਬੋਧੀਆਂ ਨਾਲ ਇਉਂ ਵੀ ਕੀਤਾ ਸੀ। ਮਹਾਤਮਾ ਬੁੱਧ ਨੂੰ ਚੌਵੀ ਅਵਤਾਰਾਂ ਵਿਚ ਗਿਣ ਲਿਆ ਤੇ ਫਿਰ ਬੋਧੀ ਗਰੰਥ ਪਾਲੀ ਤੋਂ ਸੰਸਕ੍ਰਿਤ ਵਿਚ ਉਲਥਾ ਲਏ ਗਏ, ਇਸ ਤਰ੍ਹਾਂ ਦਾ ਅਪਣੱਤ ਭਾਵ ਪੈਦਾ ਕਰਨ ਬਾਅਦ ਬੁੱਧਮਤ ਨੂੰ ਦੇਸ਼ ਭਰ ਵਿਚੋਂ ਖ਼ਤਮ ਕਰ ਦਿੱਤਾ ਗਿਆ। **ਡਾਕਟਰ ਰਾਧਾ ਕ੍ਰਿਸ਼ਨਨ ਨੇ ਬੜੇ ਪਤੇ ਦੀ ਗੱਲ ਲਿਖੀ ਹੈ ਕਿ ਬ੍ਰਾਹਮਣਵਾਦ ਨੇ ਆਪਣੇ ਭਾਈਚਾਰੇ ਦੀ ਗਲਵੱਕੜੀ ਵਿਚ ਲੈ ਕੇ ਬੋਧੀਆਂ ਨੂੰ ਬੁਰੀ ਤਰ੍ਹਾਂ ਮਾਰਿਆ। ਉਨ੍ਹਾਂ ਦੇ ਸ਼ਬਦ ਹਨ:**

'it is said, not without truth, that Brahamanism killed Budhism by a ftraternal embraee ?'

ਸਿੱਖਾਂ ਨੂੰ ਮਾਰਨ ਲਈ ਹਿੰਦੂ ਸਰਕਾਰ ਨੇ ਉਪਰੋਕਤ ਦੋਵੇਂ ਤਰੀਕੇ ਵਰਤੇ ਹਨ। ਇਕ ਪਾਸੇ ਇਹ ਕਿਹਾ ਜਾਂਦਾ ਹੈ ਕਿ ਸਿੱਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ, ਉਹ ਇਕ ਦੂਜੇ ਤੋਂ ਜੁਦਾ ਨਹੀਂ ਹੋ ਸਕਦੇ। ਦੂਜੇ ਪਾਸੇ ਮਾਰੂ ਸਕੀਮਾਂ ਬਣਾਕੇ ਹਜ਼ਾਰਾਂ ਬੇਗੁਨਾਹ ਨੌਜਵਾਨਾਂ ਦਾ ਘਾਣ ਕੀਤਾ ਜਾ ਰਿਹਾ ਹੈ। ਨੀਰਾ ਤਾਰਾ ਆਪਰੇਸ਼ਨ ਸਮੇਂ ਸਰਕਾਰੀ ਇਤਲਾਹ ਸੀ ਕਿ ਅਕਾਲ ਤਖ਼ਤ ਉੱਤੇ 43 ਅਤਿਵਾਦੀ ਛਿਪੇ ਹੋਏ ਹਨ, ਪਰ ਮੌਤਾਂ ਇਸ ਤੋਂ 20 ਗੁਣਾਂ ਵੱਧ ਹੋਈਆਂ, ਦਸ ਗੁਣਾਂ ਕੈਦੀ ਵੀ ਬਣਾਏ ਗਏ। ਦਿੱਲੀ ਦੀ ਕਤਲੇਆਮ ਇਸਦਾ ਜ਼ਾਹਰਾ ਸਬੂਤ ਹੈ, ਜਿਸ ਵਿਚ ਪੰਜ ਹਜ਼ਾਰ ਸਿੱਖ ਨੌਜਵਾਨ ਮਾਰ ਕੇ ਤੈਮੂਰ ਤੇ ਨਾਦਰ ਦੀ ਕਤਲੇਆਮ ਨੂੰ ਮਾਤ ਪਾ ਦਿੱਤਾ ਗਿਆ।

ਹੁਣ ਲੰਕਾ ਵਿਚ ਸਿੱਖ ਸੈਨਾ ਇਸ ਲਈ ਝੋਕੀ ਗਈ ਹੈ ਕਿ ਉਥੇ ਜਾਨਾਂ ਦੇ ਦੇ ਕੇ ਤਾਮਿਲਾਂ ਨੂੰ ਸਟੇਟ ਬਣਾ ਕੇ ਦੇਵੇ। ਇੱਧਰ ਸਿੱਖ ਨੌਜਵਾਨ ਇਸ ਲਈ ਮਾਰੇ ਜਾ ਰਹੇ ਹਨ

ਕਿਉਂਕਿ ਉਹ ਆਜ਼ਾਦ ਸਟੇਟ ਦੀ ਮੰਗ ਕਰਦੇ ਹਨ। ਇਹ ਮੰਗ ਵੀ ਨੌਜਵਾਨਾਂ ਦੇ ਦਿੱਲਾਂ ਵਿਚ ਇਕ ਦਮ ਨਹੀਂ ਆ ਗਈ, ਸਗੋਂ ਚਾਲੀ ਸਾਲ ਬਾਣੀਆ ਸਰਕਾਰ ਦਾ ਅਨਿਆਂ-ਪੂਰਨ ਮਾਰੂ ਰਵੱਈਆ ਦੇਖ ਕੇ ਪ੍ਰਤਿਕ੍ਰਿਆ ਵਜੋਂ ਪੈਦਾ ਹੋਈ ਹੈ। ਸਿੱਖ ਨਿਆਂ ਚਾਹੁੰਦੇ ਹਨ, ਆਪਣੇ ਸ਼ਹਿਰੀ ਅਧਿਕਾਰ ਤੇ ਵਿਸ਼ੇਸ਼ ਸੁਰੱਖਿਆ ਦੀ ਗਾਰੰਟੀ ਚਾਹੁੰਦੇ ਹਨ ਤਾਂ ਕਿ ਇਹ ਆਪਣੇ ਵਿਲੱਖਣ ਸਭਿਆਚਾਰ ਤੇ ਸਰੂਪ ਨੂੰ ਬਰਕਰਾਰ ਰੱਖ ਸਕਣ। ਅਨੰਦਪੁਰ ਮਤੇ ਦਾ ਭਾਵ ਵੀ ਪੰਜਾਬ ਨੂੰ ਵੱਧ ਤੋਂ ਵੱਧ ਹੱਕ ਲੈ ਕੇ ਦੇਣਾ ਸੀ, ਜਿਸ ਦੇ ਸਰਕਾਰ ਵੱਲੋਂ ਪੁੱਠੇ ਅਰਥ ਕੀਤੇ ਗਏ।

ਭਾਰਤ ਸਰਕਾਰ ਲਈ ਇਹ ਕੋਈ ਔਖੀ ਗੱਲ ਨਹੀਂ ਜੇਕਰ ਉਹ ਨਿਰਛਲ ਰਸਤਾ ਅਪਣਾਵੇ ਤੇ ਦੇਸ਼ ਲਈ ਇਤਨੀਆਂ ਸ਼ਾਨਦਾਰ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਦੀ ਪੂਰੀ ਪੂਰੀ ਤਸੱਲੀ ਕਰਾਵੇ। ਸੰਵਿਧਾਨ ਵਿਚ 59 ਤਰਮੀਮਾਂ ਹੋ ਚੁੱਕੀਆਂ ਹਨ, ਜੇ ਸਿੱਖ ਹੱਕਾਂ ਦੀ ਰਾਖੀ ਲਈ 60ਵੀਂ ਤਰਮੀਮ ਵੀ ਕਰ ਲਈ ਜਾਵੇ ਤਾਂ ਇਹ ਘਰ ਦਾ ਮਾਮਲਾ ਘਰੇ ਨਿਬੜ ਸਕਦਾ ਹੈ। ਲੋੜ ਰਾਜਨੀਤਕ ਉਦਾਰਤਾ ਤੇ ਦਾਨਾਈ ਦਿਖਾਉਣ ਦੀ ਹੈ। ਮਨੋਵਿਗਿਆਨ ਕਹਿੰਦਾ ਹੈ ਜਦੋਂ ਕਿਸੇ ਦੀ ਯੋਗ ਮੰਨ ਵੀ ਨਾ ਮੰਨੀ ਜਾਵੇ ਤਾਂ ਉਹ ਅਯੋਗ ਮੰਗ ਕਰਕੇ ਅੜ ਖੜੋਂਦਾ ਹੈ। ਇਸ ਕਰਕੇ ਸੁਹਿਰਦਤਾ, ਸ਼ਾਂਤੀ ਤੇ ਸੂਝਬੂਝ ਹੀ ਸਮੱਸਿਆ ਨੂੰ ਸੁਲਝਾ ਸਕਦੀ ਹੈ।

ਲੋਕਤੰਤ੍ਰ ਕਿ ਠੋਕਤੰਤ੍ਰ ?

ਦੂਜੇ ਪਾਸੇ ਸਿੱਖਾਂ ਨੂੰ ਵੀ ਚਾਹੀਦਾ ਹੈ ਕਿ ਉਹ ਜਥੇਬੰਦਕ ਏਕਤਾ ਦਾ ਸਬੂਤ ਦੇਣ। ਉਨ੍ਹਾਂ ਦਾ ਰਾਜਸੀ ਨਿਸ਼ਾਨਾ ਇਕ ਹੋਣਾ ਚਾਹੀਦਾ ਹੈ ਤੇ ਉਸਦੀ ਪ੍ਰਾਪਤੀ ਦਾ ਸਾਧਨ ਵੀ ਇਕੋ ਇਕ ਜ਼ਰੂਰੀ ਹੈ। ਸਿੱਖ ਰਾਜਨੀਤੀ ਤੇ ਰਣਨੀਤੀ ਦੋਵੇਂ ਰਾਹੋਂ ਭਟਕੀਆਂ ਹੋਈਆਂ ਹਨ। ਇਸ ਵੇਲੇ ਗੰਭੀਰ ਮਸਲਾ ਇਹ ਹੈ ਕਿ ਕਿਹੜੀ ਵਿਧੀ ਅਪਣਾਈ ਜਾਵੇ - ਲੋਕਤੰਤ੍ਰ ਕਿ ਠੋਕਤੰਤ੍ਰ ? ਪਹਿਲਾਂ ਸਾਨੂੰ ਬੜੇ ਠਰ੍ਹੰਮੇ ਨਾਲ ਪਿਛਲੇ ਪੰਜ ਸਾਲਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਯੋਗ ਹੋਵੇਗਾ ਕਿ ਬੇਗਾਨਿਆਂ ਦੇ ਕਹੇ 'ਤੇ ਅਸਾਂ ਕੀ ਪਾਇਆ ਤੇ ਕੀ ਕੀ ਗਵਾਇਆ। ਬੇਗੁਨਾਹ ਗਰੀਬਾਂ ਦਾ ਕਤਲੇਆਮ ਕਦੀ ਰਾਜ-ਭਾਗ ਦਾ ਸਨਮਾਨ ਨਹੀਂ ਦਿਵਾਉਂਦਾ। ਇਹ ਧਰਮ ਤੇ ਇਤਿਹਾਸ ਦੀ ਸਿਖਿਆ ਹੈ। ਇਹ ਠੀਕ ਹੈ ਕਿ ਪਿਛਲੇ ਵਰ੍ਹਿਆਂ ਵਿਚ ਬੜੇ ਕੌੜੇ ਤਜ਼ਰਬੇ ਹੋਏ, ਇੰਦਰਾ ਗਾਂਧੀ ਦੀਆਂ ਮਾਰੂ ਕਾਰਵਾਈਆਂ ਨੇ ਸਿੱਖ ਨੌਜਵਾਨਾਂ ਵਿਚ ਬੇਹਦ ਤਲਖੀ ਪੈਦਾ ਕੀਤੀ ਤੇ ਉਹ ਬਹੁਤ ਕਾਹਲੇ ਪੈ ਗਏ ਤੇ ਇਸ ਤੇਜ਼ੀ ਵਿਚ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹਦਾਇਤਾਂ ਤੇ ਸਿੱਖ ਪੰਥ ਦੀਆਂ ਮਾਨਵਵਾਦੀ ਸ਼੍ਰੇਸ਼ਟ ਰਵਾਇਤਾਂ ਨੂੰ ਵੀ ਦੂਰ ਸੁਟਦੇ ਗਏ। ਇਹ ਅਤਿ ਦਰਭਾਗ-ਪੂਰਣ ਦੁਖਾਂਤ ਸੀ।

ਸਾਡੀ ਪਰੰਪਰਾ ਕੱਟੜਵਾਦੀ ਨਹੀਂ, ਹਿੰਸਾਵਾਦੀ ਨਹੀਂ, ਲੁੱਟਮਾਰ ਜਾਂ ਕਤਲੋਗਾਰਤ

ਸਾਡੇ ਧਰਮ ਦਾ ਅੰਗ ਨਹੀਂ, ਅਸੀਂ ਤਾਂ ਉਦਾਰਵਾਦੀ ਹਾਂ ਤੇ ਸਰਬਤ ਦੇ ਭਲੇ ਵਿਚ ਵਿਸ਼ਵਾਸ ਰੱਖਦੇ ਹਾਂ, ਪਰ ਹਥਿਆਰ ਦੇ ਅਹੰਕਾਰ ਨੇ ਗੁਬਾਰ ਪੈਦਾ ਕਰਕੇ ਦਿਮਾਗੀ ਸੰਤੁਲਨ ਗੁਆ ਦਿੱਤਾ ਹੈ। ਸਿੱਖ ਲੀਡਰਸ਼ਿਪ ਭੈਭੀਤ ਤੇ ਬੇਹਾਲ ਹੈ, ਦੂਜਾ ਪਾਸਾ ਭੈਦਾਯਕ ਵਿਕਰਾਲ ਬਣਿਆ ਹੋਇਆ ਹੈ, ਪਰ ਸਿੱਖੀ ਭੈ ਮੁਕਤ ਸੰਕਲਪ ਹੈ, ਜਿਸਦਾ ਜ਼ਾਬਤਾ ਸ਼ਾਤ ਮਾਰਗ ਦਾ ਸੰਕੇਤ ਕਰਦਾ ਹੈ :

ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ ੩੮੬)

ਪਉੜੀ ॥

ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥
ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥
ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ ੩੨੨)

ਸੋ ਦੁਨਿਆਵੀ ਸਤਾ ਲੈਣ ਖਾਤਰ ਆਪਣੇ ਦੀਨ ਧਰਮ ਦੀ ਅਹੂਤੀ ਦੇਣਾ ਯੋਗ ਨਹੀ, ਸੂਰਮਾ ਉਹ ਹੀ ਹੈ ਜੋ ਦੀਨ ਖ਼ਾਤਰ ਸੰਗਰਾਮ ਰਚਦਾ ਤੇ ਉਸ ਲਈ ਆਪਣਾ ਆਪ ਨਿਛਾਵਰ ਕਰਦਾ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਕ ੧੧੦੫)

✱✱✱✱✱

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਪਲਬਧ ਪੁਸਤਕਾਂ :

ਸਿੱਖੀ ਕੀ ਹੈ (ਪੰਜਾਬੀ, ਹਿੰਦੀ, ਉਰਦੂ, ਅੰਗ੍ਰੇਜ਼ੀ)	ਭੇਟਾ ਰਹਿਤ
ਕੇਸ ਗੁਰੂ ਦੀ ਮੋਹਰ	ਭੇਟਾ ਰਹਿਤ
ਖੰਡੇ ਦੀ ਪਾਹੁਲ	ਭੇਟਾ ਰਹਿਤ
ਦਸਤਾਰ (ਪੰਜਾਬੀ ਤੇ ਅੰਗਰੇਜ਼ੀ)	ਭੇਟਾ ਰਹਿਤ
ਪੁੱਤ ਸਰਦਾਰਾਂ ਦੇ	ਭੇਟਾ ਰਹਿਤ
ਸਿੱਖ ਵੀਰਾਂ ਨੂੰ ਹਲੂਣਾ	ਭੇਟਾ ਰਹਿਤ
ਬੀਬੀਆਂ ਭੈਣਾਂ ਨੂੰ ਹਲੂਣਾ	ਭੇਟਾ ਰਹਿਤ
ਸਿੱਖ ਇਤਿਹਾਸ ਵਿੱਚ ਬੀਬੀਆਂ ਦਾ ਯੋਗਦਾਨ	ਭੇਟਾ ਰਹਿਤ
ਵਿਸ਼ਵ ਭਾਈਚਾਰੇ ਦਾ ਸਾਂਝਾ ਸੰਦੇਸ਼.....	ਭੇਟਾ ਰਹਿਤ
ਵਿਸ਼ਵ ਦੀ ਸਾਂਝੀ ਵਿਰਾਸਤ.....	ਭੇਟਾ ਰਹਿਤ
ਗੁਰਬਾਣੀ ਦੇ ਸਰਲ ਨੇਮ	ਭੇਟਾ ਰਹਿਤ
ਸਿੱਖ ਧਰਮ ਅਤੇ ਨਸ਼ਾਬੰਦੀ	ਭੇਟਾ ਰਹਿਤ
ਮੋਰਚਾ ਗੁਰੂ ਕਾ ਬਾਗ	ਭੇਟਾ ਰਹਿਤ
ਮੋਰਚਾ ਗੰਗਸਰ ਜੈਤੋ	ਭੇਟਾ ਰਹਿਤ
ਸਾਕਾ ਨਨਕਾਣਾ ਸਾਹਿਬ	ਭੇਟਾ ਰਹਿਤ
ਰਾਜ ਕਰੇਗਾ ਖਾਲਸਾ	ਭੇਟਾ ਰਹਿਤ
ਭਾਰਤ ਦੀ ਆਜ਼ਾਦੀ ਵਿੱਚ ਸਿੱਖਾਂ ਦਾ.....	ਭੇਟਾ ਰਹਿਤ
ਸੁਤੰਤਰਤਾ ਸੰਗ੍ਰਾਮ ਤੇ ਸਿੱਖ	ਭੇਟਾ ਰਹਿਤ
ਸਿੰਘ ਸਭਾਵਾਂ ਦਾ ਪਿਛੋਕੜ ਅਤੇ.....	ਭੇਟਾ ਰਹਿਤ
ਮੁਸੀਬਤ ਸਮੇਂ ਖਾਲਸਾ	ਭੇਟਾ ਰਹਿਤ
ਸਿੱਖ ਧਰਮ ਵਿੱਚ ਪਾਲੇਟਿਕਸ ਅਤੇ.....	ਭੇਟਾ ਰਹਿਤ
ਪਲੈ ਤੈਡੈ ਲਾਗੀ	ਭੇਟਾ ਰਹਿਤ
ਅੰਤੇ ਸਤਿਗੁਰੁ ਬੋਲਿਆ	ਭੇਟਾ ਰਹਿਤ
ਗੁਰੂ ਤੇਗ ਬਹਾਦਰ ਦਾ ਸੀਸ.....	ਭੇਟਾ ਰਹਿਤ
ਬਾਬਾ ਬੰਦਾ ਸਿੰਘ ਬਹਾਦਰ	ਭੇਟਾ ਰਹਿਤ
ਗਿਆਨੀ ਦਿਤ ਸਿੰਘ	ਭੇਟਾ ਰਹਿਤ
ਏਡਜ਼	ਭੇਟਾ ਰਹਿਤ
ਦੁਸ਼ਮਣਾਂ ਦੇ ਹਥਿਆਰ	ਭੇਟਾ ਰਹਿਤ
ਆਨੰਦ ਕਾਰਜ	ਭੇਟਾ ਰਹਿਤ
ਬਾਬਾ ਬਘੇਲ ਸਿੰਘ	ਭੇਟਾ ਰਹਿਤ
ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀਆਂ	ਭੇਟਾ ਰਹਿਤ
ਗੁਰੂ ਅੰਗਦ ਦੇਵ ਜੀ ਜੀਵਨ ਤੇ ਸਿੱਖਿਆ	ਭੇਟਾ ਰਹਿਤ
ਧੰਨ ਮਾਤਾ ਗੁਜਰੀ ਜੀ (ਹਿੰਦੀ)	ਭੇਟਾ ਰਹਿਤ
ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਹਿੰਦੀ)	ਭੇਟਾ ਰਹਿਤ

ਚਮਕੌਰ ਦੀ ਜੰਗ (ਹਿੰਦੀ)	ਭੇਟਾ ਰਹਿਤ
ਪੰਜ ਪਿਆਰੇ-ਭਾਈ ਦਯਾ ਸਿੰਘ	2.00
ਸਿੰਘ ਸਭਾ ਲਹਿਰ	2.00
ਅਕਾਲੀ ਲਹਿਰ	2.00
ਸੰਖੇਪ ਇਤਿਹਾਸ ਗੁ. ਸੀਸ ਗੰਜ ਸਾਹਿਬ	4.00
ਬਡੋ ਕਲੂ ਮਹਿ ਸਾਕਾ	5.00
ਦਸ ਗੁਰੂ- ਉਨ੍ਹਾਂ ਦੇ ਉਪਦੇਸ਼	5.00
ਵਿਰਦੇ ਹੱਕ ਉਰਦੂ	5.00
ਸਿੱਖ ਧਰਮ ਦੀ ਮੁੱਢਲੀ ਪਛਾਣ (ਪੰਜਾਬੀ ਤੇ ਹਿੰਦੀ)	5.00
ਦਿੱਲੀ ਦੇ ਇਤਿਹਾਸਕ ਗੁਰਦੁਆਰੇ	10.00
ਬਾਬਾ ਬਘੇਲ ਸਿੰਘ	15.00
ਸੰਖੇਪ ਜੀਵਨ ਗੁਰੂ ਤੇਗ ਬਹਾਦਰ ਸਾਹਿਬ ਜੀ	17.00
ਅਮਰ ਕਹਾਣੀ ਸ਼ੇਰੇ ਪੰਜਾਬ ਮ: ਰਣਜੀਤ ਸਿੰਘ	20.00
ਇਤਿਹਾਸ ਦਾ ਨਿੱਘ	22.00
ਸੁੰਦਰ ਗੁਟਕਾ (ਪੰਜਾਬੀ)	23.00
ਸਿੱਖ ਬੀਰਤਾ ਦੇ ਚਿੱਤਰ	25.00
ਹਰਿਮੰਦਰ ਸਾਹਿਬ ਅਤੇ ਮ. ਰਣਜੀਤ ਸਿੰਘ	25.00
ਪਰਿਵਾਰ ਤੇ ਨਿਕਟਵਰਤੀ ਮਾਤਾ ਸੁੰਦਰੀ ਜੀ	40.00
ਇੱਕ ਖਤ ਭਾਈ ਤਾਰੂ ਸਿੰਘ ਦੇ ਨਾਮ (ਪੰਜਾਬੀ)	45.00
ਦਸ ਸਿੱਖ ਗੁਰੂ	57.00
ਸਿੱਖ ਸਭਿਆਚਾਰ (ਹਿੰਦੀ)	60.00
ਖਾਲਸਾ ਪੰਥ ਦੇ ਪੰਜ ਤਖ਼ਤ	75.00
ਬਚਿਤਰ ਨਾਟਕ 10 ਪਾਤਸ਼ਾਹੀ (ਪੰਜਾਬੀ)	98.00
10 ਪਾਤਸ਼ਾਹੀ (ਹਿੰਦੀ)	113.00
ਖਾਲਸਾ ਮੇਰੋ ਰੂਪ	113.00
ਪੰਜਾਬ ਦੇ ਕੌਮੀ ਸ਼ਹੀਦ	120.00
ਜਨਮ ਸਾਖੀ (ਪੰਜਾਬੀ ਤੇ ਹਿੰਦੀ)	150.00
ਵਾਰਾਂ ਭਾਈ ਗੁਰਦਾਸ ਸਟੀਕ	150.00
The Ten Holy Gurus & Their.....	5.00
The Primary Introduction of Sikhs.....	5.00
Shadatnama	6.00
Jap Sahib Translation	10.00
My Daily Prayer	12.00
The Sikh Faith	15.00
A Brief Account of Sikh People	18.00